ਸਿੱਖ ਮਾਰਗ SIKH MARG

ੴ ਨਿਰੋਲ ਧਾਰਮਿਕ ਵੈੱਬ ਸਾਈਟ ਜੋ ਸ਼ਬਦ ਗੁਰੂ-ਬਾਣੀ ਦੇ ਸੱਚ ਨੂੰ ਸਮਰਪਿਤ ਹੈ ੴ

# ਸਿੱਖੋ! ਤੁਸੀਂ ਝੂਠੇ ਤੇ ਗੰਦੇ ਲੋਕ ਹੋ

ਕਿਸੇ ਵਿਰਲੇ ਨੂੰ ਛੱਡ ਕੇ ਤਕਰੀਬਨ ਸਾਰੇ ਹੀ ਸਿੱਖ ਧਰਮ ਦੇ ਨਾਮ ਤੇ ਰੱਜ ਕੇ ਝੂਠ ਬੋਲਦੇ ਹਨ। ਸਿੱਖੋ, ਕੁੱਝ ਦਿਨ ਪਹਿਲਾਂ ਤੁਸੀਂ ਬਲਿਊ ਸਟਾਰ ਦੀ 33ਵੀਂ ਯਾਦ ਮਨਾਈ ਹੈ ਅਤੇ ਇਹ ਪਿਛਲੇ 33 ਸਾਲਾਂ ਤੋਂ ਮਨਾ ਰਹੇ ਹੋ ਅਤੇ ਰੱਜ ਕੇ ਝੂਠ ਵੀ ਬੋਲ ਰਹੇ ਹੋ। ਇਤਨੇ ਸਾਲਾਂ ਵਿੱਚ ਤੁਸੀਂ ਹਾਲੇ ਤੱਕ ਇਹ ਵੀ ਫੈਸਲਾ ਨਹੀਂ ਕਰ ਸਕੇ ਕਿ ਇਸ ਕਾਰਵਾਈ ਦਾ ਅਸਲ ਕਾਰਨ ਅਤੇ ਸੱਚ ਕੀ ਸੀ? ਬਸ ਝੂਠ ਤੇ ਝੂਠ ਹੀ ਬੋਲੀ ਜਾ ਰਹੇ ਹੋ। ਕਦੇ ਕਹਿੰਦੇ ਹੋ ਕਿ ਇਹ ਦਰਬਾਰ ਸਾਹਿਬ ਤੇ ਹਮਲਾ ਸੀ, ਕਦੇ ਕਹਿੰਦੇ ਹੋ ਕਿ ਅਕਾਲ ਤਖ਼ਤ ਤੇ ਹਮਲਾ ਸੀ, ਕਦੇ ਕਹਿੰਦੇ ਹੋ ਕਿ ਸਿੱਖਾਂ ਦੀ ਨਸਲ-ਕੁਸ਼ੀ ਕਰਨ ਲਈ ਹਮਲਾ ਸੀ ਅਤੇ ਕਦੇ ਕਹਿੰਦੇ ਹੋ ਕਿ ਇਹ ਪੰਜ ਸਦੀਆਂ ਦਾ ਵੈਰ ਕੱਢਿਆ। ਤੁਹਾਡੇ ਵਿਚੋਂ ਬਹੁਤੇ ਇਸ ਨੂੰ ਦਰਬਾਰ ਸਾਹਿਬ ਤੇ ਅਟੈਕ ਦਾ ਨਾਮ ਦਿੰਦੇ ਹਨ। ਕੀ ਦਰਬਾਰ ਸਾਹਿਬ ਸਰੋਵਰ ਵਿਚਕਾਰ ਬਣੀ ਇਮਾਰਤ ਦਾ ਨਾਮ ਹੈ ਜਾਂ ਫਿਰ ਉਥੇ ਬਣੀਆਂ ਸਾਰੀਆਂ ਹੀ ਇਮਾਰਤਾਂ ਨੂੰ ਤੁਸੀਂ ਦਰਬਾਰ ਸਾਹਿਬ ਦਾ ਨਾਮ ਦਿੰਦੇ ਹੋ? ਜੇ ਕਰ ਸਰੋਵਰ ਵਿੱਚ ਬਣੀ ਇਮਾਰਤ ਦਾ ਨਾਮ ਦਰਬਾਰ ਸਾਹਿਬ ਹੈ ਤਾਂ ਕੀ ਵਾਕਿਆ ਹੀ ਉਸ ਤੇ ਹਮਲਾ ਹੋਇਆ ਸੀ? ਕੀ ਤਿੰਨ ਕੁ ਦਿਨਾ ਵਿੱਚ ਇਤਨੀ ਮਲਿਟਰੀ ਤੋਂ ਸਿਰਫ ਕੁੱਝ ਕੁ ਦਰਜਨਾ ਹੀ ਗੋਲੀਆਂ ਚਲਾ ਹੋਈਆਂ ਸਨ ਜਿਹੜੀਆਂ ਕੇ ਦਰਬਾਰ ਸਾਹਿਬ ਤੇ ਲੱਗੀਆਂ ਸਨ? ਇਹਨਾ ਵਿਚ, ਕਰੌਸ ਫਾਰਿੰਗ ਵਿੱਚ ਦੂਸਰੀ ਧਿਰ ਵਲੋਂ ਚਲਾਈਆਂ ਵੀ ਕੁੱਝ ਕੁ ਹੋ ਸਕਦੀਆਂ ਹਨ। ਜੇ ਕਰ ਤੁਸੀਂ ਇਸ ਨੂੰ ਅਕਾਲ ਤਖ਼ਤ ਤੇ ਹਮਲਾ ਕਹਿੰਦੇ ਹੋ ਕਿ ਸਰਕਾਰ ਨੇ ਸਾਡਾ ਅਕਾਲ ਤਖਤ ਢਾਹਿਆ ਹੈ। ਜੇ ਕਰ ਸਰਕਾਰ ਨੂੰ ਅਕਾਲ ਤਖ਼ਤ ਢਾਉਣ ਦਾ ਕੋਈ ਡਰ ਨਹੀਂ ਸੀ ਤਾਂ ਉਸ ਨੂੰ ਦੁਬਾਰਾ ਆਪ ਬਣਾਉਣ ਦੀ ਵੀ ਕੋਈ ਲੋੜ ਨਹੀਂ ਸੀ। ਫਿਰ ਉਸ ਨੇ ਸੰਤਾ ਸਿੰਘ ਤੋਂ ਦੁਬਾਰਾ ਕਿਉਂ ਬਣਵਾਇਆ? ਅਸਲ ਗੱਲ ਇਹ ਹੈ ਕਿ ਤੁਸੀਂ ਸਾਰੇ ਹੀ ਜਾਣ ਬੁੱਝ ਕੇ ਰੱਜ ਕੇ ਝੂਠ ਬੋਲਦੇ ਹੋ। ਆਪਣੀਆਂ ਗਲਤੀਆਂ ਛਪਾਉਣ ਲਈ ਸਾਰਾ ਦੋਸ਼ ਸਰਕਾਰ ਨੂੰ ਦਿੰਦੇ ਹੋ। ਮੈਂ ਇਹ ਨਹੀਂ ਕਹਿੰਦਾ ਕਿ ਸਰਕਾਰ ਗਲਤ ਨਹੀਂ ਸੀ। ਜੇ ਕਰ ਇੰਦਰਾ ਗਾਂਧੀ ਗਲਤ ਸੀ ਤਾਂ ਤੁਹਾਡਾ ਭਿੰਡਰਾਂਵਾਲਾ ਸਾਧ ਵੀ ਗਲਤ ਸੀ ਅਤੇ ਬਾਕੀ ਅਕਾਲੀ ਲੀਡਰ ਵੀ। ਜੇ ਕਰ ਇੰਦਰਾ ਗਾਂਧੀ ਦੁਸ਼ਟ ਸੀ ਤਾਂ ਤੁਹਾਡਾ ਉਥੇ ਲੁਕ ਕੇ ਬੈਠਾ ਹੋਇਆ ਇਹ ਸਾਧ ਵੀ ਦੁਸ਼ਟ ਸੀ। ਅਨੁਪਾਤ 60: 40 ਤੇ ਰੱਖ ਲਓ। ਭਾਵ ਕਿ ਇੰਦਰਾ ਗਾਂਧੀ ਮਨੁੱਖਤਾ ਦਾ ਘਾਣ ਕਰਨ ਲਈ ਵੀਹਵੀਂ ਸਦੀ ਦੀ 60% ਦੁਸ਼ਟ ਸੀ ਅਤੇ ਭਿੰਡਰਾਂਵਾਲਾ ਸਾਧ 40% ਮਨੁੱਖਤਾ ਦਾ ਘਾਣ ਕਰਾਉਣ ਵਾਲਾ ਦੁਸ਼ਟ ਸੀ। ਅਸਲ ਵਿੱਚ ਦੋਹਾਂ ਨੇ ਰਲ ਕੇ ਫਿਰਕਾ ਪ੍ਰਸਤੀ ਫੈਲਾਈ ਤਾਂ ਕਿ ਇੱਕ ਫਿਰਕੇ ਨੂੰ ਸਰਕਾਰ ਵਲੋਂ ਕਟਵਾ ਕੇ ਦੂਜੇ ਫਿਰਕੇ ਦੀਆਂ ਵੋਟਾਂ ਹਾਂਸਲ ਕੀਤੀਆਂ ਜਾ ਸਕਣ।

ਆਪਣੇ ਹੱਕਾਂ ਲਈ ਸਾਰੀ ਦੁਨੀਆ ਦੇ ਲੋਕ ਲੜਦੇ ਹਨ। ਕਈ ਵਾਰੀ ਇਕੋ ਪਾਰਟੀ ਦੇ ਲੋਕ ਕਿਸੇ ਮੁੱਦੇ ਤੇ ਵਿਰੋਧੀ ਵਿਚਾਰ ਰੱਖਦੇ ਹਨ ਅਤੇ ਲੜਦੇ ਹਨ। ਇਸ ਦੀ ਪਰਤੱਖ ਮਿਸਾਲ ਕਨੇਡਾ ਦੇ ਦੋ ਸੂਬਿਆਂ ਦੀ ਹੈ। ਇਹ ਆਪਸ ਵਿੱਚ ਗੁਆਂਢੀ ਵੀ ਹਨ। ਇਹ ਹਨ ਬੀ. ਸੀ. ਅਤੇ ਅਲਬਰਟਾ। ਅਲਬਰਟਾ ਵਿੱਚ ਵੀ ਐਨ. ਡੀ. ਪੀ. ਦੀ ਸਰਕਾਰ ਹੈ ਅਤੇ ਬੀ. ਸੀ. ਵਿੱਚ ਵੀ ਐਨ. ਡੀ. ਪੀ. ਦੀ ਬਣਨ ਜਾ ਰਹੀ ਹੈ। ਇਹ ਦੋਵੇਂ ਤੇਲ ਵਾਲੀ ਪਾਈਪ ਲਾਈਨ ਨੂੰ ਲੈ ਕੇ ਬਿੱਲਕੁੱਲ ਵਿਰੋਧੀ ਵਿਚਾਰ ਰੱਖਦੇ ਹਨ। ਇੱਕ ਬਣਨ ਦੇ ਹੱਕ ਵਿੱਚ ਪ੍ਰਚਾਰ ਕਰਦੀ ਹੈ ਅਤੇ ਦੂਸਰੀ ਵਿਰੋਧ ਵਿਚ। ਸੋ ਕਹਿਣ ਤੋਂ ਭਾਵ ਹੈ ਕਿ ਆਪਣੇ ਹੱਕਾਂ ਲਈ ਲੜਨਾ ਕੋਈ ਗਲਤ ਨਹੀਂ ਹੈ। ਪਰ ਤਰੀਕਾ ਗਲਤ ਨਹੀਂ ਹੋਣਾ

ਚਾਹੀਦਾ। ਕਿਸੇ ਧਾਰਮਿਕ ਅਸਥਾਨ ਨੂੰ ਢਾਲ ਬਣਾ ਕੇ ਹਿੰਸਕ ਕਾਰਵਾਈਆਂ ਕਰਕੇ ਆਪਣੇ ਹਿੱਤਾਂ ਲਈ ਵਰਤਣਾ ਗਲਤ ਹੈ। ਆਪਣੀ ਕੋਈ ਗਲਤੀ ਮੰਨਣੀ ਨਹੀਂ ਅਤੇ ਸਾਰਾ ਦੋਸ਼ ਦੂਸਰੀ ਧਿਰ ਨੂੰ ਹੀ ਦੇਈ ਜਾਣਾ ਕੋਈ ਬਹੁਤੀ ਸਿਆਣਪ ਵਾਲੀ ਗੱਲ ਨਹੀਂ ਹੈ। ਜੇ ਕਰ ਇਸ ਤਰ੍ਹਾਂ ਕਰਨਾ ਹੈ ਫਿਰ ਝੂਠ ਵੀ ਬੋਲਣਾ ਪੈਣਾ ਹੈ ਅਤੇ ਇਹੀ ਕੁੱਝ ਸਿੱਖ ਕਰ ਰਹੇ ਹਨ।

ਸਿੱਖ ਆਪ ਤਾਂ ਰੱਜ ਕੇ ਝੂਠ ਬੋਲਦੇ ਹਨ ਅਤੇ ਇਹ ਝੂਠ ਗੁਰਦੁਆਰਿਆਂ ਦੀਆਂ ਕੰਧਾਂ ਤੇ ਵੀ ਚਿਪਕਾ ਦਿੱਤਾ ਗਿਆ ਹੈ ਜਦੋਂ ਭਿੰਡਰਾਂਵਾਲੇ ਸਾਧ ਦੀ ਫੋਟੋ ਲਾ ਕੇ ਲਿਖ ਦਿੰਦੇ ਹਨ ਕਿ ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ/ਦਰਬਾਰ ਸਾਹਿਬ ਦੀ ਰਾਖੀ ਲਈ ਕੁਰਬਾਨੀ ਦਿੱਤੀ। ਇਹਨਾ ਝੂਠਿਆਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਹੁਣ ਇਹਨਾ ਦੀ ਰਾਖੀ ਕੌਣ ਕਰਦਾ ਹੈ ਜਾਂ ਪਹਿਲਾਂ ਕੌਣ ਕਰਦਾ ਸੀ? ਜਿਸ ਨੇ ਇਹਨਾ ਨੂੰ ਢੁਆਉਣ ਦਾ ਸਰਕਾਰ ਨੂੰ ਬਹਾਨਾ ਦਿੱਤਾ ਉਸ ਨੂੰ ਇਹ ਝੂਠੇ ਲੋਕ ਰਾਖਾ ਕਹੀ ਜਾਂਦੇ ਹਨ। ਹੈ ਨਾ ਕਮਾਲ ਦੀ ਗੱਲ। ਇਸ ਗੱਲ ਨੂੰ ਝੁਠਲਾਉਣ ਲਈ ਇਹਨਾ ਦੀ ਸਭ ਤੋਂ ਵੱਡੀ ਦਲੀਲ ਇਹ ਹੁੰਦੀ ਹੈ ਕਿ ਬਾਕੀ ਦੇ 40 ਦੇ ਕਰੀਬ ਗੁਰਦੁਰਿਆਂ ਵਿੱਚ ਕਿਹੜਾ ਭਿੰਡਰਾਂਵਾਲਾ ਲੁਕ ਕੇ ਬੈਠਾ ਸੀ, ਫਿਰ ਉਥੇ ਮਿਲਟਰੀ ਨੇ ਕਿਉਂ ਅਟੈਕ ਕੀਤਾ? ਇਸ ਦਾ ਜਵਾਬ ਮੈਂ ਪਹਿਲਾਂ ਵੀ ਕਈ ਵਾਰੀ ਦੇ ਚੁੱਕਾ ਹਾਂ ਹੁਣ ਸੰਖੇਪ ਵਿੱਚ ਫਿਰ ਲਿਖ ਦਿੰਦਾ ਹਾਂ। ਕੀ ਸਾਰੇ ਹਿੰਦੋਸਤਾਨ ਵਿੱਚ ਸਿਰਫ 40 ਕੁ ਹੀ ਗੁਰਦੁਆਰੇ ਹਨ? ਇਤਨੇ ਤਾਂ ਸ਼ਾਇਦ ਕਿਸੇ ਇੱਕ ਵੱਡੇ ਸ਼ਹਿਰ ਵਿੱਚ ਹੀ ਹੋਣ। ਫਿਰ ਇਹਨਾ ਬਾਕੀਆਂ ਤੇ ਕਿਉਂ ਨਹੀਂ ਹੋਇਆ? ਇਹਨਾ ਅਟੈਕ ਹੋਣ ਵਾਲਿਆਂ ਵਿੱਚ ਸਾਡੇ ਪਿੰਡ ਦਾ ਗੁਰਦੁਆਰਾ ਵੀ ਸ਼ਾਮਲ ਸੀ। ਸਾਡੇ ਪਿੰਡ ਵਾਲੇ ਤੇ ਕਿਉਂ ਅਟੈਕ ਹੋਇਆ, ਇਸ ਦਾ ਠੀਕ ਜਵਾਬ ਤਾਂ ਉਹੀ ਦੇ ਸਕਦੇ ਹਨ ਜੋ ਉਸ ਵੇਲੇ ਪਿੰਡ ਵਿੱਚ ਸਨ। ਪਰ ਖਾਸ ਕਰਕੇ ਮਿਲਟਰੀ ਨੇ ਅਟੈਕ ਉਥੇ ਹੀ ਕੀਤਾ ਸੀ ਜਿੱਥੋਂ ਕਾਨੂੰਨ ਵਿਰੋਧੀ ਕਾਰਵਾਈਆਂ ਹੋਣ ਦਾ ਸ਼ੱਕ ਸੀ ਜਾਂ ਹੁੰਦੀਆਂ ਸਨ। ਇੱਥੇ ਮੈਂ ਕੋਈ ਸਰਕਾਰ ਦਾ ਪੱਖ ਨਹੀਂ ਪੂਰ ਰਿਹਾ ਪਰ ਤੁਹਾਡਾ ਸਰਿਆਂ ਦਾ ਬੋਲਿਆ ਝੂਠ ਜਰੂਰ ਨੰਗਾ ਕਰ ਰਿਹਾ ਹਾਂ।

ਭਿੰਡਰਾਂਵਾਲੇ ਗੰਦੇ ਨੀਚ ਸਾਧ ਨੂੰ ਸਿੱਖ ਝੂਠ ਬੋਲ-ਬੋਲ ਕੇ ਉਚਾ ਚੁੱਕਣ ਵਿੱਚ ਕਿੱਥੋਂ ਤੱਕ ਗਿਰ ਸਕਦੇ ਹਨ ਇਸ ਦੀ ਮਿਸਾਲ ਕਪਟੀ ਸਿੱਖਾਂ ਵਲੋਂ ਉਸ ਦੀ ਮਸ਼ਹੂਰੀ ਕਰਕੇ ਉਸ ਨੂੰ ਮਹਾਨ ਦੱਸਣ ਲਈ ਝੂਠੀਆਂ ਕਿਤਾਬਾਂ ਛਾਪ ਕੇ ਵੰਡਣ ਤੋਂ ਮਿਲਦੀ ਹੈ। ਫਿਰ ਲੋਕਾਂ ਨੂੰ ਬੇਵਕੂਫ ਬਣਾਉਣ ਲਈ ਉਹਨਾ ਕਿਤਾਬਾਂ ਦੇ ਹਵਾਲੇ ਦਿੱਤੇ ਜਾਂਦੇ ਹਨ। ਹੋ ਸਕਦਾ ਹੈ ਕਿ ਕਿਸੇ ਨੂੰ ਨਾ ਪਤਾ ਹੋਵੇ ਕਿ ਇਹ ਕਿਤਾਬਾਂ ਅਸਲੀ ਹਨ ਜਾਂ ਨਕਲੀ। ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲੇ ਬਹੁਤੇ ਲੋਕ ਜਾਣ ਬੁੱਝ ਕੇ ਇਹਨਾ ਕਿਤਾਬਾਂ ਦੇ ਹਵਾਲੇ ਦਿੰਦੇ ਹਨ। ਇਹਨਾ ਵਿਚੋਂ ਦੋ ਕਿਤਾਬਾਂ ਬਾਰੇ ਤਾਂ ਮੈਂ 100% ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ ਨਕਲੀ ਹਨ ਅਤੇ ਕਪਟੀ ਸਿੱਖਾਂ ਵਲੋਂ ਛਪਵਾਈਆਂ ਗਈਆਂ ਹਨ। ਇਹ ਹਨ ਸੌ ਸਾਖੀ ਅਤੇ ਬਲਿਉ ਸਟਾਰ ਅਸਲ ਕਹਾਣੀ ਜੋ ਕਿ ਕੇ. ਐੱਸ. ਬਰਾੜ ਦੇ ਨਾਮ ਤੇ ਛਾਪੀ ਗਈ ਹੈ। ਜੇ ਕਰ ਉਸ ਦੇ ਮਰਨ ਤੋਂ ਬਾਅਦ ਛਾਪਦੇ ਤਾਂ ਸ਼ਾਇਦ ਇਹਨਾ ਦਾ ਝੂਠ ਛੁਪਿਆ ਰਹਿੰਦਾ। ਕੰਵਰ ਸੰਧੂ ਨੇ ਉਸ ਨਾਲ ਇਸ ਬਾਰੇ ਇੰਟਰਵਿਊ ਕੀਤੀ ਸੀ ਜਿਸ ਨਾਲ ਇਹ ਝੂਠ ਨੰਗਾ ਹੋ ਗਿਆ ਸੀ। ਇਹ ਯੂ-ਟਿਊਬ ਤੇ ਕਈ ਚਿਰ ਦੀ ਉਪਲਵੱਧ ਹੈ। ਇਸ ਦਾ ਲਿੰਕ ਹੇਠਾਂ ਦਿੱਤਾ ਜਾ ਰਿਹਾ ਹੈ।

https://www.youtube.com/watch?v=tBem_c1AzDA

ਕੇ. ਐੱਸ. ਬਰਾੜ ਨੇ ਕਿਤਾਬ ਜਰੂਰ ਲਿਖੀ ਸੀ ਪਰ ਉਸ ਵਿੱਚ ਉਹ ਕੁੱਝ ਨਹੀਂ ਹੈ ਜਿਸ ਦਾ ਕਪਟੀ ਅਤੇ ਝੂਠੇ ਸਿੱਖ ਹਵਾਲਾ ਦਿੰਦੇ ਹਨ। ਬਹੁਤੇ ਪਾਠਕਾਂ ਨੂੰ ਇਹ ਗੱਲ ਵੀ ਚੇਤੇ ਹੋਵੇਗੀ ਕਿ ਜਦੋਂ ਇੰਗਲੈਂਡ ਵਿੱਚ ਉਸ ਤੇ ਹਮਲਾ ਹੋਇਆ ਸੀ ਤਾਂ ਝੂਠੇ ਸਿੱਖਾਂ ਨੇ ਬਹੁਤ ਰੌਲਾ ਪਾਇਆ ਸੀ ਕਿ ਇਹ ਭਾਰਤ ਸਰਕਾਰ ਦੀ ਸਿੱਖਾਂ ਨੂੰ ਜਾਣ-ਬੁੱਝ ਕੇ ਬਦਨਾਮ ਕਰਨ ਦੀ ਸਾਜਿਸ਼ ਹੈ। ਜੇ ਕਰ ਉਸ ਤੇ ਹਮਲਾ ਹੁੰਦਾ ਤਾਂ ਬਚ ਕੇ ਨਹੀਂ ਸੀ ਜਾ ਸਕਦਾ। ਇਹ ਕੇਸ ਐਵੇਂ ਹੀ ਬਣਾਇਆ ਹੋਇਆ ਹੈ। ਹਮਲਾਵਾਰਾਂ ਨੂੰ ਕੁੱਝ ਨਹੀਂ ਹੋਣਾ। ਸਾਨੂੰ ਇੰਗਲੈਂਡ ਦੇ ਜੁਡੀਸ਼ਅਲ ਸਿਸਟਮ ਤੇ ਪੂਰਾ ਭਰੋਸਾ ਹੈ। ਇਹਨਾ ਦੇ ਭਰੋਸੇ ਦਾ ਪਤਾ ਨਹੀਂ ਉਸ ਵੇਲੇ ਕੀ ਬਣਿਆਂ ਜਦੋਂ ਹਮਲਾ ਕਰਨ ਵਾਲਿਆਂ ਵਿਚੋਂ ਕਈਆਂ ਨੂੰ 10

ਸਾਲ ਦੀ ਕੈਦ ਦੀ ਸਜਾ ਹੋ ਗਈ ਸੀ, ਜਿਹਨਾ ਵਿੱਚ ਇੱਕ ਬੀਬੀ ਵੀ ਸ਼ਾਮਲ ਸੀ। ਇਹਨਾ ਝੂਠੇ ਕਪਟੀ ਸਿੱਖਾਂ ਨੇ ਝੂਠ ਬੋਲ ਕੇ ਲੋਕਾਂ ਨੂੰ ਉਕਸਾਹਟ ਕਰਕੇ ਪਤਾ ਨਹੀਂ ਕਿਤਨੇ ਕੁ ਲੋਕਾਂ ਦੀ ਜਿੰਦਗੀ ਬਰਬਾਦ ਕੀਤੀ ਹੋਣੀ ਹੈ ਜਿਸ ਨੂੰ ਇਹ ਧਰਮ ਦੀ ਰਾਖੀ ਦਾ ਨਾਮ ਦਿੰਦੇ ਹਨ। ਕਈ ਇਹ ਵੀ ਕਹਿੰਦੇ ਹਨ ਭਿੰਡਰਾਂਵਾਲੇ ਸਾਧ ਨੇ ਇਤਨਾ ਸਿੱਖੀ ਦਾ ਪ੍ਰਚਾਰ ਕੀਤਾ ਜਾਂ ਇਤਨਿਆਂ ਨੂੰ ਇਕੋ ਵਾਰੀ ਅੰਮ੍ਰਿਤ ਛਕਾਇਆ। ਮੰਨ ਲਓ ਕਿ ਇਹ ਸਾਰਾ ਕੁੱਝ ਠੀਕ ਵੀ ਹੋਵੇ। ਪਰ ਦੂਸਰੇ ਪਾਸੇ ਇਹ ਵੀ ਦੇਖੋ ਕਿ ਇਹਨਾ ਵਿਚੋਂ ਕਿੰਨੇ ਕੁ ਅਕਲ ਵਾਲੇ ਗੁਰਬਾਣੀ ਨੂੰ ਗੁਰੂ ਮੰਨਣ ਵਾਲੇ ਨਿਕਲੇ ਹਨ। ਗੁਰਦੁਆਰਿਆਂ ਵਿੱਚ ਲੜਾਈ ਝਗੜਾ ਕਰਨ ਵਾਲੇ, ਹਰ ਥਾਂ ਖਰੂਦ ਪਉਣ ਵਾਲੇ, ਪ੍ਰਚਾਰਕਾਂ ਦੇ ਹਮਲੇ ਕਰਨ ਵਾਲੇ ਅਤੇ ਧਮਕੀਆਂ ਦੇਣ ਵਾਲੇ, ਇਹਨਾ ਵਿਚੋਂ ਤਕਰੀਬਨ 99% ਭਿੰਡਰਾਂਵਾਲੇ ਗੰਦੇ ਸਾਧ ਦੀ ਗੰਦੀ ਸੋਚ ਨੂੰ ਸਮਰਪਤ ਹੋਣਗੇ ਜੇ ਕਰ ਇਹ ਗਲਤ ਹੈ ਤਾਂ ਦੱਸ ਦਿਓ।

ਡੇਰਿਆਂ ਵਾਲੇ ਸਾਧ, ਅਖੌਤੀ ਟਕਸਾਲੀ ਅਤੇ ਖੁਦ ਭਿੰਡਰਾਂਵਾਲਾ ਸਾਧ ਇਹ ਸਾਰੇ ਇਹੀ ਸਮਝਦੇ ਹਨ/ਸਨ ਕਿ ਇਹ ਦਸਮੇਂ ਗੁਰੂ ਦੀ ਚਲਾਈ ਹੋਈ ਟਕਸਾਲ ਹੈ। ਜੋ ਕੁੱਝ ਇਹ ਕਰਦੇ ਹਨ ਇਹੀ ਗੁਰਮਤਿ ਹੈ ਅਤੇ ਧਰਮ ਦਾ ਅਸਲੀ ਠੇਕਾ ਸਿਰਫ ਇਹਨਾ ਕੋਲ ਹੀ ਹੈ। ਜੋ ਇਸ ਤੋਂ ਉਲਟ ਕਰਦੇ ਹਨ ਉਹ ਸਾਰੇ ਧਰਮ ਵਿਰੋਧੀ ਹਨ। ਇਸੇ ਕਰਕੇ ਗੁਰਮਤਿ ਦੀ ਸਹੀ ਗੱਲ ਕਰਨ ਵਾਲਿਆਂ ਤੇ ਹਮਲੇ ਹੋ ਰਹੇ ਹਨ ਅਤੇ ਧਮਕੀਆਂ ਮਿਲ ਰਹੀਆਂ ਹਨ। ਜਿਵੇਂ ਕਿ ਹੁਣੇ ਕੁੱਝ ਦਿਨ ਪਹਿਲਾਂ ਹੀ ਪੈਸੇ ਦੇ ਕੇ ਧੂੰਦੇ ਨੂੰ ਮਾਰਨ ਦੀ ਸਾਜਿਸ਼ ਵਾਲੀ ਗੱਲ ਸਾਹਮਣੇ ਆਈ ਹੈ। ਪ੍ਰੋ: ਇੰਦਰ ਸਿੰਘ ਘੱਗਾ ਤੇ ਕਈ ਵਾਰੀ ਹਮਲੇ ਹੋ ਚੁੱਕੇ ਹਨ। ਭਾਈ ਪੰਥ ਪ੍ਰੀਤ ਸਿੰਘ ਤੇ ਹਮਲਾ ਹੋ ਚੁੱਕਾ ਹੈ। ਇਹਨਾ ਅਖੌਤੀ ਟਕਸਾਲੀਆਂ ਦਾ ਇੱਕ ਅਖੌਤੀ ਜਥੇਦਾਰ ਪਹਿਲਾਂ ਵੀ ਕਹਿ ਚੁੱਕਾ ਹੈ ਕਿ ਪ੍ਰੋ: ਧੂੰਦਾ ਅਤੇ ਪੰਥਪ੍ਰੀਤ ਨੂੰ ਮਾਰੋ/ਕਤਲ ਕਰ ਦਿਓ। ਭਾਂਵੇਂ ਕਿ ਬਾਅਦ ਵਿੱਚ ਉਸ ਨੇ ਆਪਣੀ ਗਲਤੀ ਮੰਨ ਲਈ ਸੀ। ਪਰ ਬੰਦੇ ਦੀ ਜਬਾਨ ਉਹੀ ਕੁੱਝ ਬੋਲਦੀ ਹੈ ਜੋ ਉਸ ਦੇ ਅੰਦਰ ਹੋਵੇ ਭਾਵ ਕਿ ਪਹਿਲਾਂ ਮਨ ਵਿੱਚ ਵਿਚਾਰ ਆਈ ਹੋਵੇ। ਬਾਬੇ ਤੋਂ ਭਾਈ ਬਣੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਇੱਕ ਸਾਥੀ ਨੂੰ ਇਸ ਧਰਮ ਦੇ ਠੇਕੇਦਾਰੀ ਵਾਲੀ ਅਖੌਤੀ ਟਕਸਾਲੀ ਸੋਚ ਨੇ ਕਤਲ ਕਰ ਦਿੱਤਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਢੱਡਰੀਆਂ ਵਾਲਾ ਹਾਲੇ ਵੀ ਭਿੰਡਰਾਂਵਾਲੇ ਸਾਧ ਦੇ ਗੁਣ ਗਉਂਦਾ ਹੈ ਅਤੇ ਉਸ ਨੂੰ ਮਹਾਨ ਦੱਸਦਾ ਹੈ। ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਈ ਭੁਪਿੰਦਰ ਸਿੰਘ ਦੇ ਖੂਨ ਨਾਲ ਇਸ ਦੇ ਹੱਥ ਵੀ ਕੁੱਝ ਰੰਗੇ ਹੋਏ ਹਨ। ਜੇ ਕਰ ਭਿੰਡਰਾਂਵਾਲਾ ਸਾਧ ਠੀਕ ਸੀ ਅਤੇ ਉਸ ਦੀ ਸੋਚ ਠੀਕ ਸੀ ਤਾਂ ਫਿਰ ਉਸ ਦਾ ਅਧੂਰਾ ਕੰਮ ਤੂੰ ਕਿਉਂ ਨਹੀਂ ਪੂਰਾ ਕਰ ਦਿੰਦਾ। ਕਿਉਂਕਿ ਤੈਨੂੰ ਵੀ ਹੁਣ ਮੌਤ ਦਾ ਕੋਈ ਡਰ ਨਹੀਂ ਹੈ ਅਤੇ ਉਸ ਨੂੰ ਵੀ ਨਹੀਂ ਸੀ। ਜਿਸ ਤਰ੍ਹਾਂ ਉਸ ਦੇ ਕੋਲ ਚੇਲੇ ਸਨ ਤੇਰੇ ਕੋਲ ਵੀ ਵਥੇਰੇ ਹਨ। ਤੇਰਾ ਆਪਣਾ ਡੇਰਾ ਵੀ ਹੈਗਾ ਆ। ਹੁਣ ਇਸ ਤਰ੍ਹਾਂ ਕਰ, ਅਸਲਾ ਇਕੱਠਾ ਕਰਕੇ ਤੂੰ ਵੀ ਸਰਕਾਰ ਨੂੰ ਉਸ ਵਾਂਗ ਵੰਗਾਰ ਅਤੇ ਹਿੰਸਕ ਕਾਰਵਾਈਆਂ ਸ਼ੁਰੂ ਕਰ। ਕਿਉਂਕਿ ਪੰਜਾਬ ਦੀਆਂ ਕਈ ਹੱਕੀ ਮੰਗਾਂ ਹਾਲੇ ਜਿਉਂ ਦੀ ਤਿਉਂ ਖੜੀਆਂ ਹਨ, ਤੂੰ ਕਿਉਂ ਨਹੀਂ ਉਹਨਾ ਨੂੰ ਪੂਰਾ ਕਰ ਦਿੰਦਾ?

ਇਸ ਅਖੌਤੀ ਟਕਸਾਲ ਦੀ ਹੁਣ ਤੱਕ ਜੋ ਦੇਣ ਹੈ ਉਹ ਇਹ ਹੈ ਕਿ ਇਹਨਾ ਨੇ ਪਾਠ ਕਰਨ ਵਾਲੇ ਪਾਠੀ ਜਰੂਰ ਕਾਫੀ ਬਣਾ ਦਿੱਤੇ ਹਨ ਜੋ ਕਿ ਇਸ ਦੇ ਆਸਰੇ ਆਪਣਾ ਅਤੇ ਆਪਣੇ ਪ੍ਰਵਾਰ ਦਾ ਪੇਟ ਪਾਲ ਰਹੇ ਹਨ। ਇਸ ਨੂੰ ਇਹਨਾ ਦਾ ਇਹ ਇੱਕ ਹਾਂ ਪੱਖੀ ਗੁਣ ਕਿਹਾ ਜਾ ਸਕਦਾ ਹੈ। ਪਰ ਦੂਸਰੇ ਪਾਸੇ ਬਹੁਤੇ ਇਹੀ ਪਾਠੀ ਹਨ ਜਿਹੜੇ ਕਿ ਗੁਰਮਤਿ ਦਾ ਵਿਰੋਧ ਕਰ ਰਹੇ ਹਨ। ਕਿਉਂਕਿ ਇੱਕ ਤਾਂ ਇਹਨਾ ਵਿਚੋਂ ਬਹੁਤਿਆਂ ਦੀ ਦੁਨਿਆਵੀ ਵਿਦਿਆ ਬਹੁਤ ਥੋੜੀ ਜਾਂ ਨਾਮ ਮਾਤਰ ਹੀ ਹੁੰਦੀ ਹੈ ਅਤੇ ਦੂਸਰਾ ਇਹਨਾ ਨੂੰ ਇਹ ਭਰਮ ਹੁੰਦਾ ਹੈ ਕਿ ਅਸਲੀ ਧਰਮ ਦਾ ਠੇਕਾ ਸਿਰਫ ਇਸ ਟਕਸਾਲ ਕੋਲ ਹੀ ਹੈ। ਟਕਸਾਲੀ ਅਤੇ ਇਹਨਾ ਦੇ ਸਾਰੇ ਸਹਿਯੋਗੀ ਤਾਂ ਕਹਿਣ ਨੂੰ ਇਹ ਕਹਿੰਦੇ ਹਨ ਕਿ ਟਕਸਾਲ ਨੇ ਆਹ ਕੁਰਬਾਨੀ ਕੀਤੀ ਜਾ ਔਹ ਕੀਤੀ। ਪਰ ਅਸਲ ਵਿੱਚ ਇਹਨਾ ਨੇ ਹੁਣ ਤੱਕ ਬਹੁਤੇ ਕੰਮ ਗੁਰਮਤਿ ਅਤੇ ਇਨਸਾਨੀਅਤ ਵਿਰੁੱਧ ਹੀ ਕੀਤੇ ਹਨ। ਦਸਮ ਗ੍ਰੰਥ, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਤੇ ਹੋਰ ਗੁਰੂ ਨਿੰਦਿਆਂ ਵਾਲੇ ਕੂੜ ਗ੍ਰੰਥਾਂ ਨੂੰ ਸਭ ਤੋਂ ਵੱਧ ਇਹਨਾ ਨੇ ਉਭਾਰਿਆ ਹੈ ਅਤੇ ਹੁਣ ਵੀ ਉਭਾਰ ਰਹੇ ਹਨ ਜੋ ਕਿ ਨਕਲੀ ਨਿਰੰਕਾਰੀਆਂ ਨਾਲੋਂ ਵੀ ਕਿਤੇ

ਵੱਡਾ ਅਪਰਾਧ ਹੈ। ਕਈ ਗੁਰਦੁਰਿਆਂ ਵਿੱਚ ਗੁਰਬਾਣੀ ਦੀ ਕਥਾ ਬੰਦ ਕਰਵਾ ਕੇ ਸੂਰਜ ਪ੍ਰਕਾਸ਼ ਦੀ ਕਥਾ ਸ਼ੁਰੂ ਕਰਵਾਈ ਜਾ ਰਹੀ ਹੈ। ਕੁੱਝ ਸਾਲ ਪਹਿਲਾਂ ਦੀ ਗੱਲ ਹੈ ਕਿ ਮੇਰੇ ਨਾਲ ਕੰਮ ਕਰਦਾ ਇੱਕ ਦੋਸਤ ਜੋ ਕਿ ਹੁਣ ਰਿਟਾਇਰ ਹੋ ਕਿ ਵੈਨਕੂਵਰ ਦੇ ਇਲਾਕੇ ਵਿੱਚ ਜਾ ਚੁੱਕਾ ਹੈ ਉਹ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਵੈਨਕੂਵਰ ਦੇ ਇਲਾਕੇ ਵਿੱਚ ਗਿਆ ਸੀ। ਵਿਆਹ ਉਸ ਗੁਰਦੁਆਰੇ ਵਿੱਚ ਸੀ ਜਿਥੇ ਕਿ ਭਿੰਡਰਾਂਵਾਲੇ ਸਾਧ ਦੇ ਚੇਲੇ ਟਕਸਾਲੀਆਂ ਦਾ ਕਬਜ਼ਾ ਹੈ। ਮੇਰੇ ਉਸ ਸਾਥੀ ਨੇ ਦੱਸਿਆ ਕਿ ਉਥੇ ਇੱਕ ਕਹਾਣੀ ਸੁਣਾਈ ਗਈ ਕਿ ਗੁਰੂ ਅਮਰਦਾਸ ਜੀ ਦੇ ਸਿਰ ਵਿੱਚ --- ਪਏ ਹੋਏ ਸਨ। ਕਿਉਂਕਿ ਬਾਰਾਂ ਸਾਲਾਂ ਦੇ ਸਰੋਪੇ ਵਾਲੇ ਪਰਨੇ ਸਿਰ ਤੇ ਬੰਨੇ ਹੋਏ ਸਨ। ਜੋ --- ਨਿਕਲੇ ਉਹ ਪਿਛਲੇ ਜਨਮ ਦੇ ਸਿੱਖ ਸਨ ਜਿਹਨਾ ਦਾ ਉਧਾਰ ਗੁਰੂ ਜੀ ਨੇ ਕੀਤਾ। ਉਪਰ ਛੱਡੀ ਖਾਲੀ ਥਾਂ ਤੁਸੀਂ ਆਪ ਹੀ ਭਰ ਲਿਓ ਕਿਉਂਕਿ ਮੇਰਾ ਮਨ ਨਹੀਂ ਕੀਤਾ ਕਿ ਅਜਿਹੀ ਘਟੀਆ ਗੱਲ ਗੁਰੂ ਜੀ ਬਾਰੇ ਲਿਖਾਂ। ਇਸ ਤਰ੍ਹਾਂ ਦੀਆਂ ਕਹਾਣੀਆਂ ਸੂਰਜ ਪ੍ਰਕਾਸ਼ ਵਿੱਚ ਲਿਖੀਆਂ ਹੋਈਆਂ ਹਨ। ਮੈਨੂੰ ਯਾਦ ਹੈ ਕਿ ਅੱਜ ਤੋਂ ਕੋਈ 39 ਕੁ ਸਾਲ ਪਹਿਲਾਂ ਵੀ ਇਹ ਕਹਾਣੀ ਇੱਕ ਪੜ੍ਹੇ ਲਿਖੇ ਸੱਜਣ ਨੇ ਵੈਨਕੂਵਰ ਦੇ ਇੱਕ ਗੁਰਦੁਆਰੇ ਵਿੱਚ ਸੁਣਾਈ ਸੀ ਤਾਂ ਬੜਾ ਰੌਲਾ ਪਿਆ ਸੀ।

ਬੀਬੀਆਂ ਦੇ ਦਰਬਾਰ ਸਾਹਿਬ ਕੀਰਤਨ ਕਰਨ ਅਤੇ ਹੋਰ ਬਰਾਬਰਤਾ ਦੀ ਗੱਲ ਦੀ ਇਹ ਅਖੌਤੀ ਟਕਸਾਲੀ ਅਤੇ ਇਹਨਾ ਦੇ ਡੇਰਿਆਂ ਤੋਂ ਪੜ੍ਹ ਕੇ ਆਏ ਰਾਗੀ, ਢਾਡੀ ਅਤੇ ਹੋਰ ਪੁਜਾਰੀ ਆਦਿਕ ਹੀ ਸਭ ਤੋਂ ਵੱਧ ਵਿਰੋਧਤਾ ਕਰਦੇ ਹਨ। ਜਿਸ ਬਿਪਰਵਾਦੀ ਸੋਚ ਤੋਂ ਕੱਢਣ ਲਈ ਗੁਰੂ ਸਾਹਿਬ ਨੇ 239 ਸਾਲ ਲਾਏ ਸਨ ਇਹ ਟਕਸਾਲੀ ਅਤੇ ਹੋਰ ਸਾਰੇ ਝੂਠ ਬੋਲਣ ਵਾਲੇ ਸਿੱਖ ਖਾਸ ਕਰਕੇ ਦਸਮ ਗ੍ਰੰਥੀ ਮੁੜ ਕੇ ਉਥੇ ਹੀ ਡੋਬਣਾ ਚਾਹੁੰਦੇ ਹਨ। ਇਹ ਸਾਰੇ ਦਸਮ ਗ੍ਰੰਥ ਦੇ ਅਧਾਰ ਤੇ ਸਿੱਖਾਂ ਨੂੰ ਲਓ ਕੁਸ਼ੂ ਦੀ ਔਲਾਦ ਦੱਸਦੇ ਹਨ। ਕਈਆਂ ਥਾਵਾਂ ਤੇ ਇਸ ਕੂੜ ਗ੍ਰੰਥ ਦਾ ਪ੍ਰਕਾਸ਼ ਵੀ ਕਰਦੇ ਹਨ। ਸਿੱਖੋ ਜਿਸ ਵਿਦਵਾਨ ਨੂੰ ਤੁਸੀਂ ਸਭ ਤੋਂ ਵੱਡਾ ਵਿਦਵਾਨ ਮੰਨਦੇ ਹੋ ਉਹ ਵੀ ਦਸਮ ਗ੍ਰੰਥੀ ਸੀ। ਉਸ ਵਿਦਵਾਨ ਦਾ ਨਾਮ ਹੈ ਸਰਦਾਰ ਕਪੂਰ ਸਿੰਘ। ਤੁਹਾਡੇ ਜਿਤਨੇ ਵੀ ਸੋ ਕਾਲਡ ਮਹਾਂ ਪੁਰਸ਼ ਜਾਂ ਅਧਿਆਤਮਿਕ ਪੁਰਸ਼ ਹੋਏ ਹਨ ਉਹ ਸਾਰੇ ਵੀ ਦਸਮ ਗ੍ਰੰਥੀ ਸਨ। ਤੁਹਾਡੇ ਸਾਰੇ ਪੁਜਾਰੀ ਅਥਵਾ ਅਖੌਤੀ ਜਥੇਦਾਰ ਵੀ ਦਸਮ ਗ੍ਰੰਥੀਏ ਹਨ ਅਤੇ ਉਹ ਤਾਂ ਇਹ ਵੀ ਕਹਿੰਦੇ ਹਨ ਜੋ ਸਿੱਖਿਆ ਗੁਰੂ ਗ੍ਰੰਥ ਦੀ ਹੈ ਉਹੀ ਦਸਮ ਗ੍ਰੰਥ ਦੀ ਹੈ। ਇਸ ਕਰਕੇ ਸਿੱਖੋ ਤੁਸੀਂ ਸਾਰੇ ਹੀ ਝੂਠੇ ਅਤੇ ਗੰਦੇ ਲੋਕ ਹੋ। ਕਿਉਂਕਿ ਤੁਸੀਂ ਝੂਠੇ ਅਤੇ ਗੰਦੇ ਗ੍ਰੰਥਾਂ ਨੂੰ ਗੁਰੂ ਸਾਹਿਬ ਨਾਲ ਜੋੜ ਕੇ ਗੁਰੂਆਂ ਅਤੇ ਸਿੱਖੀ ਦੀ ਤੌਹੀਨ ਕਰ ਰਹੇ ਹੋ।

ਕੀ ਕੋਈ ਸੱਜਣ ਕਿਸੇ ਐਸੇ ਵਿਦਵਾਨ ਜਾਂ ਪ੍ਰਚਾਰਕ ਦਾ ਨਾਮ ਦੱਸ ਸਕਦਾ ਹੈ ਜਿਹੜਾ ਕਿ ਸਰਕਾਰ ਅਤੇ ਭਿੰਡਰਾਂਵਾਲੇ ਸਾਧ ਦੋਹਾਂ ਨੂੰ ਗਲਤ ਕਹਿੰਦਾ ਹੋਵੇ। ਅਤੇ ਉਹ ਦਸਮ ਗ੍ਰੰਥ ਨੂੰ ਵੀ ਰੱਦ ਕਰਦਾ ਹੋਵੇ। ਇੱਥੇ 'ਸਿੱਖ ਮਾਰਗ' ਤੇ ਲਿਖਣ ਵਾਲੇ ਕੁੱਝ ਕੁ ਨੂੰ ਛੱਡ ਕੇ ਸ਼ਾਇਦ ਹੀ ਕੋਈ ਹੋਵੇ। ਡਾ: ਦਿਲਗੀਰ ਅਤੇ ਘੱਗਾ ਨੇ ਇਸ ਅਖੌਤੀ ਟਕਸਾਲ ਦੇ ਕੂੜ-ਕਬਾੜ ਵਿਰੁੱਧ ਬਹੁਤ ਕੁੱਝ ਲਿਖਿਆ ਹੈ ਪਰ ਭਿੰਡਰਾਂਵਾਲੇ ਸਾਧ ਨੂੰ ਸਿੱਧੇ ਤੌਰ ਤੇ ਗਲਤ ਸ਼ਾਇਦ ਹੀ ਕਿਤੇ ਕਿਹਾ ਹੋਵੇ। ਕਈ ਪ੍ਰਚਾਰਕ ਐਸੇ ਹਨ ਜਿਹੜੇ ਕਿ ਮਜਬੂਰੀ ਕਾਰਨ ਸੱਚ ਨਹੀਂ ਬੋਲ ਸਕਦੇ ਪਰ ਉਹ ਘੱਟੋ ਘੱਟ ਝੂਠ ਬੋਲ ਕੇ ਗੁਰਮਰਾਹ ਵੀ ਨਹੀਂ ਕਰਦੇ।

ਸਿੱਖੋ ਮੈਂ ਤੁਹਾਡੇ ਬਾਰੇ ਕਾਫ ਕੁੱਝ ਲਿਖ ਦਿੱਤਾ ਹੈ ਹੁਣ ਤੁਸੀਂ ਜੋ ਮੇਰੇ ਬਾਰੇ ਲਿਖਣਾ ਹੈ ਲਿਖ ਸਕਦੇ ਹੋ। ਮੈਂ ਗੁਰਬਾਣੀ ਗਿਆਨ ਤੋਂ ਬਿਨਾ ਹੋਰ ਕਿਸੇ ਕੂੜ ਗ੍ਰੰਥ ਨੂੰ ਗੁਰੂ ਕ੍ਰਿਤ ਨਹੀਂ ਮੰਨਦਾ ਅਤੇ ਨਾ ਹੀ ਕੋਈ ਸੇਧ ਲੈਂਦਾ ਹਾਂ। ਮੈਨੂੰ ਤੁਹਾਡੇ ਕਿਸੇ ਅਖੌਤੀ ਜਥੇਦਾਰ ਜਾਂ ਕਿਸੇ ਤੁਹਾਡੇ ਕਹੇ ਜਾਂਦੇ ਅਕਾਲ ਤਖ਼ਤ ਤੋਂ ਵੀ ਕੋਈ ਸੇਧ ਲੈਣ ਦੀ ਲੋੜ ਨਹੀਂ ਹੈ। ਮੈਂ ਤੁਹਾਡੇ ਭਿੰਡਰਾਂਵਾਲੇ ਸਾਧ ਅਤੇ ਹੋਰ ਕਿਸੇ ਵੀ ਸਾਧ ਨੂੰ ਕੋਈ ਮਹਾਨਤਾ ਨਹੀਂ ਦਿੰਦਾ। ਇਹਨਾ ਸਾਰਿਆਂ ਦੀ ਸੋਚ ਇਸਤਰੀ ਅਤੇ ਮਨੁੱਖਤਾ ਵਿਰੋਧੀ ਹੈ ਅਤੇ ਇਹ ਸਾਰੇ ਹੀ ਕੂੜ ਗ੍ਰੰਥਾਂ ਨੂੰ ਮੰਨਣ ਵਾਲੇ ਹਨ/ਸਨ। ਤੁਸੀਂ ਸਾਰੇ ਝੂਠ ਬੋਲ-ਬੋਲ ਕੇ ਜਿਤਨੇ ਮਰਜ਼ੀ ਮਹਾਨ ਬਣਾਈ ਜਾਓ ਪਰ ਸੱਚ ਨੇ ਸੱਚ ਹੀ ਰਹਿਣਾ ਹੈ। ਜੇ ਕਰ ਤੁਹਾਡੀ ਸਿੱਖੀ ਇਨਸਾਨੀਅਤ ਤੋਂ ਗਿਰੇ ਹੋਏ ਝੂਠੇ ਸਾਧਾਂ ਅਤੇ ਬਿਪਰੀ ਸੋਚ ਵਾਲੇ ਗ੍ਰੰਥਾਂ ਤੇ ਹੀ ਟਿਕੀ ਹੋਈ ਹੈ ਤਾਂ ਮੈਂ ਪਹਿਲਾਂ ਹੀ

ਆਪਣੇ ਆਪ ਨੂੰ ਇਸ ਤੋਂ ਬਾਹਰ ਕੀਤਾ ਹੋਇਆ ਹੈ। ਇਹ ਔਫਰ ਮੈਂ ਤੁਹਾਨੂੰ ਕਈ ਚਿਰ ਪਹਿਲਾਂ ਦੀ ਹੀ ਦਿੱਤੀ ਹੋਈ ਹੈ। ਜਦੋਂ ਤੁਹਾਡਾ ਜੀ ਕਰੇ ਤੁਸੀਂ ਮੈਨੂੰ ਆਪਣੇ ਇਸ ਝੂਠ ਬੋਲਣ ਵਾਲੇ ਪੰਥ ਤੋਂ ਬਾਹਰ ਕੱਢ ਸਕਦੇ ਹੋ। ਗੁਰਬਾਣੀ ਦਾ ਗਿਆਨ ਸਮੁੱਚੀ ਮਨੁੱਖਤਾ ਲਈ ਹੈ। ਰੱਬੀ ਨਿਯਮ ਸਾਰੀ ਮਨੁੱਖਤਾ ਉਪਰ ਇਕੋ ਜਿਹੇ ਲਾਗੂ ਹੁੰਦੇ ਹਨ। ਸਾਰੀ ਦੁਨੀਆ ਵਿੱਚ ਇਸ ਵੇਲੇ ਜੋ ਰਾਜਸੀ ਅਤੇ ਧਾਰਮਿਕ ਕੱਟੜਵਾਦ ਦੀ ਹਨੇਰੀ ਝੁੱਲ ਰਹੀ ਹੈ, ਗੁਰਬਾਣੀ ਦਾ ਗਿਆਨ ਸਾਰੀ ਦੁਨੀਆ ਨੂੰ ਸਹੀ ਸੇਧ ਦੇਣ ਦੇ ਸਮਰੱਥ ਹੈ। ਪਰ ਤੁਹਾਡੀ ਸਿੱਖਾਂ ਦੀ ਸੋਚ ਇਸ ਤੋਂ ਬਿੱਲਕੁੱਲ ਉਲਟੀ 180 ਡਿਗਰੀ ਵੱਲ ਜਾ ਰਹੀ ਹੈ। ਧਰਮ ਦੇ ਨਾਮ ਤੇ ਝੂਠ ਬੋਲਣ ਵਾਲੇ ਸਿੱਖੋ ਤੁਹਾਨੂੰ ਇਹ ਮੁਬਾਰਕ ਹੋਵੇ। ਜੇ ਕਰ ਕਿਸੇ ਵਿੱਚ ਸੱਚ ਬੋਲਣ ਦੀ ਹਿੰਮਤ ਹੈ ਤਾਂ ਉਹ ਆਪਣੇ ਵਿਚਾਰ ਥੱਲੇ ਦੇ ਸਕਦਾ ਹੈ ਜਾਂ ਮੇਰੀਆਂ ਕਹੀਆਂ ਗਈਆਂ ਗੱਲਾਂ ਨੂੰ ਦਲੀਲ ਅਤੇ ਸਚਾਈ ਨਾਲ ਕੱਟ ਸਕਦਾ ਹੈ।

**ਮੱਖਣ ਸਿੰਘ ਪੁਰੇਵਾਲ,**

ਜੂਨ 11, 2017.

### Post a Comment on "ਸਿੱਖੋ! ਤੁਸੀਂ ਝੂਠੇ ਤੇ ਗੰਦੇ ਲੋਕ ਹੋ"

Name

E-mail Address (never displayed)

Type comment here...

Notify me of replies

Post Comment

### Most Popular Comments

**Makhan Singh Purewal** In reply to Harpal Singh Ferozepuria

ਸ: ਹਰਪਾਲ ਸਿੰਘ ਜੀ,
ਤੁਹਾਡੇ ਸਵਾਲ ਦਾ ਜਵਾਬ ਤਾਂ ਪਹਿਲਾਂ ਹੀ ਲੇਖ ਵਿੱਚ ਦਿੱਤਾ ਹੋਇਆ ਹੈ। ਸ਼ਾਇਦ ਲੇਖ ਨੂੰ ਤੁਸੀਂ ਬਹੁਤਾ ਧਿਆਨ ਨਾਲ ਨਹੀਂ ਪੜ੍ਹਿਆ। ਕੀ ਸਰਕਾਰਾਂ ਅਤੇ ਹਿੰਦੂਆਂ ਵਲੋਂ ਕੀਤੀਆਂ ਜ਼ਿਆਦਤੀਆਂ ਦੇ ਮਸਲੇ ਉਸ ਨੇ ਹਥਿਆਰਾਂ ਨਾਲ ਹੱਲ ਕਰ ਦਿੱਤੇ ਸਨ? ਜੇ ਕਰ ਹੱਲ ਕਰ ਦਿੱਤੇ ਸਨ ਤਾਂ ਫਿਰ ਸਿੱਖਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਕੀ ਹੋਇਆ ਜੇ ਕਰ ਸਾਡੇ ਗੁਰਦੁਆਰੇ ਢਾਹ ਹੋ ਗਏ। ਬੀਬੀਆਂ ਦੇ ਬਲਾਤਕਾਰ ਹੋ ਗਏ, ਪੰਜਾਬ ਤੋਂ ਬਾਹਰ ਹਜਾਰਾਂ ਸਿੱਖਾਂ ਦੇ ਕਤਲੇਆਮ ਹੋ ਗਏ ਅਤੇ ਜਿੰਦਾ ਜਲਾ ਦਿੱਤੇ ਗਏ ਕਿਉਂਕਿ ਸਾਡੇ ਬਾਬੇ ਜਰਨੈਲ ਸਿੰਘ ਨੇ ਬੰਦੂਕ ਦੀ ਗੋਲੀ ਨਾਲ ਪੰਜਾਬ ਅਤੇ ਸਿੱਖਾਂ ਦੇ ਮਸਲੇ ਤਾਂ ਹੱਲ ਕਰ ਹੀ ਦਿੱਤੇ ਹਨ। ਕੱਟੜ ਹਿੰਦੂਆਂ ਤੇ ਪੁਲੀਸ ਅਫਸਰਾਂ ਵਲੋਂ ਕੀਤੀਆਂ ਵਧੀਕੀਆਂ ਦੀ ਸਜਾ ਤਾਂ ਕਈ ਹੋਰ ਵੀ ਆਪਣੇ ਢੰਗ ਨਾਲ ਦੇ ਰਹੇ ਸਨ। ਜਿਵੇਂ ਕਿ ਬਬਰ ਖਾਲਸਾ ਅਤੇ ਕਈ ਹੋਰ ਜਥੇਬੰਦੀਆਂ ਵਾਲੇ। ਕੀ ਸਾਰੇ ਸਿੱਖਾਂ ਦੇ ਸਾਂਝੇ ਇੱਕ ਕੇਂਦਰੀ ਸਥਾਨ ਨੂੰ ਢਾਲ ਵਜੋਂ ਵਰਤਣਾ ਜਰੂਰੀ ਸੀ? ਜੇ ਕਰ ਜਰੂਰੀ ਸੀ ਤਾਂ ਬਾਕੀ ਸਾਰੇ ਨੁਕਸਾਨ ਅਤੇ ਕਤਲੇਆਮ ਦੀ ਜਿੰਮੇਵਾਰੀ ਵੀ ਆਪਣੇ ਸਿਰ ਲਓ। ਇਹ ਕਿਉਂ ਸਾਰੀ ਇੱਕ ਪਾਸੜ ਸਿਰਫ ਸਰਕਾਰ ਦੇ ਸਿਰ ਹੀ ਸੁੱਟਦੇ ਹੋ? ਕਿਸੇ ਵੀ ਦੇਸ਼ ਦੀ ਕੋਈ ਵੀ ਸਰਕਾਰ ਇਹ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦੀ ਕਿ ਇੱਕ ਧਾਰਮਿਕ ਸਥਾਨ ਅੰਦਰ ਲੁਕ ਕੇ ਕੋਈ ਸਰਕਾਰ ਨੂੰ ਵੰਗਾਰੇ। ਮੰਨ ਲਓ ਕਿ ਸਿੱਖਾਂ ਦਾ ਖਾਲਿਸਤਾਨ ਬਣ ਜਾਂਦਾ ਹੈ। ਹੁਣ ਜੇ ਕਰ ਸਿੱਖਾਂ ਦੇ ਖਾਲਿਸਤਾਨ ਵਿੱਚ ਕੋਈ ਕੱਟੜ ਹਿੰਦੂ ਕਿਸੇ ਮੰਦਰ ਵਿੱਚ ਲੁਕ ਕੇ

ਤੁਹਾਡੀ ਖਾਲਿਸਤਾਨ ਦੀ ਸਰਕਾਰ ਨੂੰ ਵੰਗਾਰੇ ਤਾਂ ਕੀ ਤੁਸੀਂ ਬਰਦਾਸ਼ਤ ਕਰ ਲਉਂਗੇ? ਇਹੀ ਗੱਲ ਮੈਂ ਰਣਜੀਤ ਸਿੰਘ ਢੱਡਰੀਆਂ ਬਾਰੇ ਕਹੀ ਸੀ ਜੋ ਕਿ ਜਰਨੈਲ ਸਿੰਘ ਨੂੰ ਠੀਕ ਕਹਿੰਦਾ ਹੈ ਪਰ ਹੋਰ ਬਹੁਤ ਸਾਰੀਆਂ ਗੱਲਾਂ ਗੁਰਮਤਿ ਅਨੁਸਾਰੀ ਠੀਕ ਕਰਦਾ ਹੈ। ਢੱਡਰੀਆਂ ਵਾਲੇ ਤੇ ਹਮਲਾ ਟਕਸਾਲੀ ਸੋਚ ਨੇ ਕੀਤਾ ਸੀ। ਉਸ ਹਿੰਸਕ ਸੋਚ ਨੇ ਕੀਤਾ ਹੈ ਜਿਹੜੀ ਜਰਨੈਲ ਸਿੰਘ ਨੇ ਸ਼ੁਰੂ ਕੀਤੀ ਸੀ। ਇਸ ਸੋਚ ਵਾਲੇ ਇਹ ਸਮਝਦੇ ਹਨ ਕਿ ਸਿਰਫ ਅਸੀਂ ਹੀ ਠੀਕ ਹਾਂ ਬਾਕੀ ਸਾਰੇ ਗਲਤ ਹਨ। ਇਸ ਸੋਚ ਨਾਲ ਜੁੜੇ ਹੋਏ ਲੋਕਾਂ ਨੂੰ ਇਸ ਗੱਲ ਨਾਲ ਕੋਈ ਬਹੁਤਾ ਤੁਅੱਲਕ ਨਹੀਂ ਹੁੰਦਾ ਕਿ ਇਸ ਦਾ ਮੁਖੀ ਝੂਠ ਬੋਲਦਾ ਹੈ ਜਾਂ ਸਰਕਾਰੀ ਹੈ। ਜਿਵੇਂ ਕਿ ਠਾਕਰ ਸਿੰਘ ਅਤੇ ਧੁੰਮਾ। ਉਂਜ ਟਕਸਾਲ ਦਾ ਅਤੇ ਹਿੰਦੂਆਂ ਦਾ ਕੋਈ ਬਹੁਤਾ ਫਰਕ ਨਹੀਂ ਹੈ। ਸਿਰਫ ਬਾਹਰਲੇ ਭੇਖ ਦਾ ਹੀ ਫਰਕ ਹੈ। ਧੁੰਮਾ ਤਾਂ ਕਈ ਵਾਰੀ ਇਹ ਬਾਹਰਲੇ ਭੇਖ ਦਾ ਫਰਕ ਵੀ ਮਿਟਾ ਦਿੰਦਾ ਹੈ ਜਦੋਂ ਹਵਨ ਕਰਦਾ, ਚਲੀਹੇ ਕੱਟਦਾ ਜਾਂ ਭਗਵੇਂ ਕੱਪੜੇ ਪਾ ਕੇ ਹਰਦੁਆਰ ਜਾਂਦਾ ਹੈ। ਭਾਈ ਜਰਨੈਲ ਸਿੰਘ ਸਾਰੀ ਸਿੱਖਿਆ ਗੁਰਬਚਨ ਸਿੰਘ ਤੋਂ ਲੈ ਕੇ ਆਇਆ ਸੀ। ਗੁਰਬਚਨ ਸਿੰਘ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਤੁਸੀਂ ਆਪ ਹੀ ਪੜ੍ਹ ਲਓ ਕਿ ਉਹਨਾ ਵਿੱਚ ਗੁਰਮਤਿ ਹੈ ਜਾਂ ਹਿੰਦੂਮਤ। ਸਿੱਖਾਂ ਦਾ ਸੰਬੰਧ ਦਸਮ ਗ੍ਰੰਥ ਅਨੁਸਾਰ ਕਿਸ ਨਾਲ ਜੋੜਦੇ ਹਨ? ਕਛਿਹਰਾ ਕਿਸ ਨੇ ਦਿੱਤਾ? ਪੰਜ ਪਿਆਰੇ ਅਤੇ ਭਗਤ ਕਿਸ ਦਾ ਅਵਤਾਰ ਸਨ? ਅਤੇ ਹੋਰ ਵੀ ਬਹੁਤ ਕੁੱਝ। ਕੀ ਜਰਨੈਲ ਸਿੰਘ ਨੇ ਕਦੀ ਇਹ ਕਿਹਾ ਸੀ ਕਿ ਜੋ ਸਿੱਖਿਆ ਮੈਂ ਟਕਸਾਲ ਤੋਂ ਲੈ ਕੇ ਆਇਆ ਹਾਂ ਉਹ ਗਲਤ ਸੀ? ਜੇ ਕਰ ਨਹੀਂ ਕਿਹਾ ਤਾਂ ਉਸ ਦੇ ਵਿਚਾਰਾਂ ਨੂੰ ਟਕਸਾਲ ਦੇ ਵਿਚਾਰਾਂ ਨਾਲੋਂ ਵੱਖ ਨਹੀਂ ਕਰ ਸਕਦੇ। ਇਹੀ ਟਕਸਾਲੀ ਸੋਚ ਹਿੰਸਕ ਕਾਰਵਾਈਆਂ ਕਰਕੇ ਸਾਰੇ ਸਿੱਖਾਂ ਤੇ ਆਪਣੀ ਹਿੰਦੂਮਤ ਵਾਲੀ ਸੋਚ ਲਾਗੂ ਕਰਨਾ ਚਾਹੁੰਦੀ ਹੈ।

06/14/2017 at 5:40pm 6 Likes



**Mandeep Singh Vernon**

ਦੁਖਦੀਆਂ ਰਗਾਂ ਫੜ ਲਈਆਂ ਮੱਖਣ ਸਿੰਘ ਜੀ ਪਰ ਹੈ ਸੱਚ !

06/11/2017 at 8:54pm 7 Likes

**Showing 34 Comments (50 counting replies)** In Order



**Mandeep Singh Vernon**

ਦੁਖਦੀਆਂ ਰਗਾਂ ਫੜ ਲਈਆਂ ਮੱਖਣ ਸਿੰਘ ਜੀ ਪਰ ਹੈ ਸੱਚ !

06/11/2017 at 8:54pm 7 Likes

**sukhraj deol**

100 % right ji

06/11/2017 at 8:59pm 2 Likes

**sukhpal singh**

100% true

06/11/2017 at 11:27pm 3 Likes

**Parminder S Metla**

S Makhan Singh Ji hor kujh nhi kahaanga, sirf itna he,
Daava agan bahut trin jaale, koi hariya boot rahiyo ree.

Mai tuhade vicharaan naal 110'/. Sehmt haa ji.

06/12/2017 at 2:02am 3 Likes

**Kamaljit Singh**

How you wrote Sikho. Which Categorie you Belongs too. Dirty or liar.
Every Sikh is not same.

06/12/2017 at 5:43am

**N.S.Khangoora**

The views of this article are correct and daring one. No body dared so far to speak this truth. Most of the Sikhs are liars, and others who are of the same view are cowards one, and afraid to speak the truth. I always discuss with others and and say that the tragedy could be avoided if the Bhinderwala came out the complex and said'Shoot me, but don' fire at my Guru."Then he was counted bravest among the braves.

06/12/2017 at 4:09pm 1 Like

**Gurmit Singh**

True, because most of the Sikhs and organizations have started imitating brahminical doctrine, Jainism, Radha-Soamis and deravaad !
Their entire approach is to disobey Sachi Bani as enshrined in the Guru Granth Sahib up to Mundavani. SGPC, their employees so
called Head Ministers need to be discarded like the olden days Masands and Mahants. Sangat mostly visit Gurduaras merely for
Langar and socialising like any other entertainment.

06/13/2017 at 1:38am 1 Like

**Anonymous**

ਜੇਕਰ ਕੋਈ ਭਾਈ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਨਾਂ ਲੈ ਲੈ ਕੇ ਸਿੰਘਾਂ ਦੀ ਹੇਠੀ ਕਰਦਾ,

ਨੀਵਾਂ ਦਿਖਾਉਂਦਾ ਜਾਂ ਗਲਤ ਬੋਲਦਾ ਆ ਕਿ ਸਾਡੇ ਸੰਤ ਤਾਂ ਆ ਕਰਦੇ ਸੀ, ਉਹ ਕਰਦੇ ਸੀ, ਤਦ ਉਨ੍ਹਾਂ ਦੀ ਇਨ੍ਹਾਂ ਗਲਤ ਦਲੀਲਾਂ ਦਾ ਜੁਆਬ ਦੇਣਾ ਵੀ ਬਣਦਾ ਆ|

ਜੇ ਦਮਦਮੀ ਟਕਸਾਲ ਦੇ ਮੁਖੀ ਹੁੰਦਿਆਂ ਭਾਈ ਜਰਨੈਲ ਸਿੰਘ ਹੁਰਾਂ ਬਾਮ੍ਹਣੀ ਰਹੁਰੀਤਾਂ ਨੂੰ ਮੰਨਿਆ, ਮਾਣਤਾ ਦਿੱਤੀ, ਦਸਮ ਪੁਜਿਆ ਜਾਂ ਬਚਿੱਤਰ ਨਾਟਕ ਦਾ ਪੱਖ ਲਿਆ, ਕੋੜ੍ਹੀਆਂ ਕੀਤੀਆਂ/ਕਰਾਈਆਂ, ਕੁੰਭ, ਨਲੀਏਰ, ਧੂਫਾਂ, ਜੋਤਾਂ, ਦੀਵੇ ਮਚਾ ਕੇ ਆਰਤੀਆਂ ਕਰਨੀਆਂ, ਗੁਰੂ ਸਾਹਿਬਾਨਾਂ ਨੂੰ ਰਾਮ, ਲਵ, ਕੁਸ਼ ਦੇ ਵੰਸ਼ਜ ਸਾਬਤ ਕਰਨਾ ਤੇ ਆਪਣੇ ਮਰ ਚੁੱਕੇ ਅਖੌਤੀ ਮਹਾਂਪੁਰਖਾਂ ਨੂੰ ਮਾਣਤਾ ਦੇਣੀ ਜਾਂ ਉਨ੍ਹਾਂ ਦੇ ਦਿਹਾੜੇ ਮੰਨਣੇ/ਮਨਾਉਣੇ ਆਦਿ ਕਾਰਜ ਕੀਤੇ ਸਨ, ਤਾਂ ਸਾਨੂੰ ਉਸ ਪੱਖ ਦੀ ਘੋਰ ਆਲੋਚਨਾ ਕਰਣੀ ਬਣਦੀ ਆ|

ਸ਼ਹੀਦੀ ਆਪਣੀ ਥਾਂ ਹੈ ਤੇ ਮਨਮਤਿ ਨੂੰ ਮੰਨਣਾ ਤੇ ਸਿੱਖਾਂ ਵਿੱਚ ਉਸਦੀ ਪ੍ਰਵਾਨਗੀ ਦੇਣੀ ਆਪਣੀ ਥਾਂ ਹੈ, ਉਸਨੂੰ ਅੱਖੋਂ ਓਹਲੇ ਕਦੀ ਨਹੀਂ ਕੀਤਾ ਜਾ ਸਕਦਾ| ਸਿੱਖਾਂ ਦਾ ਕੋਈ ਗਿਆਰ੍ਹਵਾਂ, ਬਾਰਵ੍ਹਾਂ ਗੁਰੂ ਨਹੀਂ ਹੈ ਤੇ ਨਾ ਹੀ ਸਿੱਖ ਕਿਸੇ ਬੰਦੇ ਦਾ ਪੁਜਾਰੀ ਹੈ|.....

ਇਸਦੇ ਨਾਲ ਹੀ ਸਾਨੂੰ ਇਸ ਗੱਲ ਤੇ ਵੀ ਗੁਰਮਤਿ ਅਨੁਸਾਰੀ ਵਿਚਾਰ ਕਰਣੀ ਚਾਹੀਦੀ ਹੈ ਕਿ, ਕੀ ਜਰਨੈਲ ਸਿੰਘ ਨੂੰ ਸ਼ਹੀਦ ਦਾ ਦਰਜਾ ਦੇਣਾ ਸਿੱਖੀ ਨਾਲ ਵਿਸਾਹਘਾਤ ਨਹੀਂ ਹੈ?

ਲਖਵਿੰਦਰ ਸਿੰਘ

06/13/2017 at 7:31am 2 Likes

## Pargat Singh

Jo ehna de naam te sanu gand fda rhe ne.... oh kehnde aa v Tusi jyada syane aagye ohna to.... bhaleo jdo insaan duniya te aaya c odo to hun tkk insaan di knowledge jyada hoi aa ja ghati aa... guru GARANTH Sahib ji to bina mera kise naal koi lena dena nhi
Waheguru ji mehar karan

06/13/2017 at 12:44pm 3 Likes

## Makhan Singh Purewal

ਹੁਣ ਤੱਕ ਜਿਹਨਾਂ ਪਾਠਕਾਂ/ਲੇਖਕਾਂ ਨੇ ਆਪਣੇ ਵਿਚਾਰ ਦਿੱਤੇ ਹਨ ਉਹਨਾ ਸਾਰਿਆਂ ਦਾ ਧੰਨਵਾਦ। ਇਹਨਾ ਵਿੱਚ ਕਈ ਨਵੇਂ ਪਾਠਕ ਵੀ ਹਨ। ਹੋ ਸਕਦਾ ਹੈ ਕਿ ਪੁਰਾਣੇ ਹੀ ਹੋਣ ਪਰ ਵਿਚਾਰ ਪਹਿਲੀ ਵਾਰੀ ਦਿੱਤੇ ਹਨ। ਸਾਡੇ ਥੋੜੇ ਜਿਹੇ ਪਾਠਕ/ਲੇਖਕ ਹਨ ਜੋ ਕਿ ਸੱਚ ਬੋਲਣ ਦੀ ਜੁਅਰਤ ਰੱਖਦੇ ਹਨ। ਜੇ ਕਰ ਕੋਈ ਵਿਦਵਾਨ/ਲੇਖਕ/ਕਥਾਕਾਰ ਸੱਚ ਨਹੀਂ ਬੋਲ ਸਕਦਾ ਤਾਂ ਉਸ ਨੂੰ ਘੱਟੋ-ਘੱਟ ਚੁਪ ਹੀ ਰਹਿਣਾ ਚਾਹੀਦਾ ਹੈ ਨਾ ਕਿ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕਰਨਾ ਚਹੀਦਾ ਹੈ।

06/13/2017 at 3:33pm 3 Likes

## ਵਰਿੰਦਰ ਸਿੰਘ ਗੋਲਡੀ

ਭਾਜੀ ਇਸ ਤਰਾਂ ਸਚ ਬੋਲਣ ਦੀ ਹਿਮਤ ਬਹੁਤ ਘੱਟ ਸਿੱਖਾਂ ਵਿੱਚ ਹੈ ! ਦੁੱਖ ਦੀ ਗਲ ਇਹ ਹੈ ਕੇ ਕਈ ਆਪਣੇ ਆਪ ਨੂੰ ਜਾਗਰੂਕ ਕਹਾਉਣ ਵਾਲੇ ਵੀ ਜਰਨੈਲ ਸਿੰਘ ਤੇ ਆ ਕੇ ਖੜ ਜਾਂਦੇ ਹਨ ਤੇ ਸਚ ਨਹੀਂ ਬੋਲ ਪਾਉਂਦੇ | ਪਰ ਫਿਕਰ ਨਾ ਕਰੋ ਸਮਾ ਬਦਲ ਰਿਹਾ ਹੈ ਤੇ ਸਿੱਖਾਂ ਨੂੰ ਗੁਰੂ ਗਰੰਥ ਸਾਹਿਬ ਜੀ ਤੋਂ ਬਿਨਾ ਹਰ ਵਿਚਾਰਧਾਰਾ ਛਡਨੀ ਪਵੇਗੀ ਓਹ ਕਿੱਸੇ ਦੀ ਵੀ ਕਿਉਂ ਨਾ ਹੋਵੇ !

06/13/2017 at 7:53pm 3 Likes

**Gurindar Singh Paul**

"ਝੂਠੇ ਤੇ ਗੰਦੇ"...... ਸਿੱਖਾਂ ਬਾਰੇ ਵਰਤੇ ਗਏ ਇਹ ਵਿਸ਼ੇਸ਼ਣ ਬਹੁਤ ਢੁੱਕਵੇਂ ਹਨ। ਨਿਰਲੱਜਤਾ ਨਾਲ ਚਿੱਟਾ ਝੂਠ ਬੋਲਣ ਅਤੇ ਭ੍ਰਸ਼ਟਤਾ ਦੀ ਦੌੜ ਵਿੱਚ ਸਿੱਖ ਨੇਤਾਵਾਂ ਨੂੰ ਕੋਈ ਪਛਾੜ ਨਹੀਂ ਸਕਦਾ। ੧੯੮੦ਵਿਆਂ ਦੇ ਤਬਾਹਕੁਨ ਖ਼ੂਨੀ ਸਾਕੇ ਦੇ ਵਧੇਰੇ ਜ਼ੁੰਮੇਦਾਰ ਉਸ ਸਮੇਂ ਦੇ ਸਿਆਸੀ ਤੇ ਧਾਰਮਿਕ ਸਿੱਖ/ਸਿੰਘ ਨੇਤਾ (ਟਕਸਾਲੀਏ, ਖ਼ਾਲਿਸਤਾਨੀ, ਅਕਾਲੀ, ਸ਼ਿਰੋਮਣੀ ਤੇ ਹੋਰ ਪ੍ਰਬੰਧਕ ਕਮੇਟੀਆਂ ਦੇ ਕਾਰਕੁਨ, ਜਥੇਦਾਰ, ਡੇਰੇਦਾਰ, ਸੰਤ, ਬਾਬੇ, ਸਾਧ, ਪ੍ਰਚਾਰਕ ਅਤੇ ਵਿਦਵਾਨ ਆਦਿ) ਹੀ ਸਨ। ਇਹ ਇਕ ਇਤਿਹਾਸਿਕ ਸੱਚ ਹੈ ਕਿ ਇਹ ਸਾਰੇ ਆਪਣੇ ਸਵਾਰਥਾਂ ਦੀ ਖ਼ਾਤਿਰ ਪੰਜਾਬ ਤੇ ਕੇਂਦ੍ਰ ਦੀਆਂ ਦੂਸ਼ਿਤ ਸਰਕਾਰਾਂ ਨਾਲ ਰਲੇ ਹੋਏ ਸਨ/ਹਨ! ਜੇ ਕਿਸੇ ਸੱਜਣ ਨੂੰ ਇਸ ਕਥਨ 'ਤੇ ਇਤਰਾਜ਼ ਹੈ ਤਾਂ ਉਹ ਸਾਡੀ ਜਾਣਕਾਰੀ ਲਈ ਕੁਝ ਇਕ ਉਨ੍ਹਾਂ ਸਿੱਖ/ਸਿੰਘ ਲੀਡਰਾਂ ਦੇ ਨਾਮ ਦੱਸ ਦੇਵੇ ਜਿਹੜੇ ਝੂਠੇ, ਭ੍ਰਸ਼ਟ, ਗੰਦੇ ਤੇ ਪਤਿਤ ਨਹੀਂ ਸਨ/ਹਨ! ਅਸੀਂ ਉਸ ਸੱਜਣ ਦਾ ਤਹਿ ਦਿਲੋਂ ਧੰਨਵਾਦ ਕਰਾਂਗੇ!

06/13/2017 at 9:01pm 2 Likes

**Anonymous** In reply to Gurindar Singh Paul

ਵੀਰ ਜੀ ਵੀਰ ਜੀ ਨੇ ਉਪਰ ਆਪਣੇ ਮੇਨ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਜਿਆਦਾਤਰ ਇੰਨਾ ਲੋਕਾਂ ਕੋਲ ਜਿਆਦਾ ਦੁਨਿਆਵੀ ਪੜ੍ਹਾਈ ਨਾ ਹੋਣ ਕਰਕੇ ਇੰਨਾ ਓਦੀ ਅੰਨੀ ਸ਼ਰਧਾ ਨੂੰ ਕੁਛ "ਗਿਆਨ ਵਿਹੂਣਾ ਗਾਵੈ ਗੀਤ" ਵਾਲਿਆਂ ਨੇ ਅਨੀ ਸ਼ਾਰਦਾ ਨੂੰ ਆਪਣੇ ਲਈ ਵਰਤ ਲਾਇਆ ਹੈ। ਆਮ ਸਿੱਖ ਗੁਰਬਾਣੀ ਦੇ ਗਿਆਨ ਤੋਂ ਦੂਰ ਹੈ ਤੇ ਕਦੇ ਵੀ ਇਹ ਗੱਲ ਨਹੀਂ ਸਮਝ ਪਾਇਆ "ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।" ਆਪਣੀ ਜਿੰਦਗੀ ਲਈ ਹੈ।" ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ" ਕਿਸੇ ਦਾ ਨਾਮ ਲੈ ਕੇ ਕੀ ਮਿਲੇ ਗਾ ਜੀ?

06/16/2017 at 9:29pm

**Jaspreet singh** In reply to Gurindar Singh Paul

ਸਭ ਤੋਂ ਪਹਿਲਾਂ ਲਿਖਿਆ ਸਿੱਖੋ ਤੁਸੀ ਝੂਠੇ ਤੇ ਗੰਦੇ ਲੋਕ ਆ ਜੇਕਰ ਸਿੱਖ ਗੰਦੇ ਆ ਸਿੱਖਾਂ ਦਾ ਮੁੱਢ ਗੁਰੂ ਨਾਨਕ ਜੀ ਲਈ ਕੀ ਸ਼ਬਦ ਵਰਤੇਗਾ|ਇਹੋ ਜਿਹੀ ਕੀ ਮਜਬੂਰੀ ਸੀ ਸਰਕਾਰ ਦੀ ਜਿਹੜਾ ਦਰਬਾਰ ਸਾਹਿਬ ਤੇ ਹਮਲਾ ਕੀਤਾ ਭਿੰਡਰਾਵਾਲਾ ਤੇ ਕੋਈ ਕੇਸ ਦਰਜ ਨੀ ਸੀ ਨਾ ਹੀ ਉਹ ਅੱਤਵਾਦੀ ਸੀ ਹਮਲਾ ਕਰਨ ਦਾ ਕੀ ਕਾਰਨ ਸੀ ਅਜ ਵੀ ਜਿਆਦਾ ਤਰ ਹਿੰਦੂ ਸਿੱਖਾਂ ਨੂੰ ਨਫਰਤ ਕਰਦੇ ਆ ਸਿਖਾਂ ਨੇ ਇਹਨਾ ਦਾ ਕੀ ਮਾੜਾ ਕਰਤਾ ਹੁਣ ਤਾਂ ਭਿੰਡਰਾਵਾਲਾ ਹੈ ਨੀ ਹੁਣ ਥਾਂ ਥਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋ ਰਹੀ ਆ ਭਾਰਤ ਵਿੱਚ ਭਿੰਡਰਾਵਾਲਾ ਵਾਲਾ ਇਕ ਸਚਾ ਇਨਸਾਨ ਸੀ ਲੋਕਾਂ ਨੂੰ ਇਨਸਾਫ ਦਿਵਾਉਂਦਾ ਸੀ ਕਿਸੇ ਨਾਲ ਕੋਈ ਧੱਕਾ ਨਹੀਂ ਸੀ ਹੁੰਦਾ

10/21/2017 at 12:50pm 2 Likes

**Harpreet Singh**

Sach kadhe nahi lukhda
Whether they destroyed our history we waiting for our time
As 100 din chor de ek don saadh da

06/13/2017 at 9:14pm 1 Like

**Anonymous**

ਬਹੁਤ ਖੂਬ ਜੀ

06/13/2017 at 10:14pm 2 Likes

**Harpal Singh Ferozepuria**

ਵੀਰ ਜੀ ਇਸ ਗੱਲ ਨਾਲ ਤੇ ਮੈਂ ਵੀ ਸਹਿਮਤ ਹਾਂ ਕਿ, ਜਰਨੈਲ ਸਿੰਘ ਜੀ ਭਿੰਡਰਾਂਵਾਲੇ ਟਕਸਾਲ ਵਿੱਚ ਹੀ ਪੜੇ ਹੋਣ ਕਰਕੇ ਬ੍ਰਾਹਮਣੀ ਸੋਚ ਤੇ ਪਹਿਰਾ ਦੇਂਦੇ ਸੀ। ਉਹ ਸਾਡੇ ਗੁਰੂ ਨਹੀ ਹਨ, ਇਸ ਲਈ ਜਰੂਰੀ ਨਹੀ ਕਿ ਜਿਸ ਮਨੌਤ ਨੂੰ ਉਹ ਮੰਨਦੇ ਸਨ, ਅਸੀਂ ਵੀ ਮੰਨੀਏ ।
ਚਲੋ,,, ਇਹ ਮੰਨ ਲੈਂਦੇ ਹਾਂ ਕਿ ਅਕਾਲ ਤਖਤ ਸਾਹਿਬ ਨੂੰ ਆਪਣਾ ਨਿਵਾਸ ਬਣਾਉਣਾ ਵੀ ਉਹਨਾਂ ਦੀ ਗਲਤੀ ਸੀ।

ਪਰ ਤੁਸੀਂ ਜਿਵੇਂ ਲਿਖਿਆ ਕਿ
" ਇੰਦਰਾ ਗਾਂਧੀ ਮਨੁੱਖਤਾ ਦਾ ਘਾਣ ਕਰਨ ਲਈ ਵੀਹਵੀਂ ਸਦੀ ਦੀ 60% ਦੁਸ਼ਟ ਸੀ ਅਤੇ ਭਿੰਡਰਾਂਵਾਲਾ ਸਾਧ 40% ਮਨੁੱਖਤਾ ਦਾ ਘਾਣ ਕਰਾਉਣ ਵਾਲਾ ਦੁਸ਼ਟ ਸੀ।"

ਇਸਦੇ ਵਿੱਚ ਭਿੰਡਰਾਂਵਾਲੇ ਦੇ ਦੁਸ਼ਟ ਹੋਣ ਦੀ ਗੱਲ ਸਮਝ ਨਹੀ ਆਈ।

ਮੈਂ ਜਦੋਂ ਉਸ ਸਮੇਂ ਦੀਆਂ ਸਰਕਾਰਾਂ ਤੇ ਹਿੰਦੂਆਂ ਵਲੋਂ ਸਿੱਖਾਂ ਨਾਲ ਕੀਤੀਆਂ ਗਈਆਂ ਜਿਆਦਤੀਆਂ ਪੜਦਾ ਹਾਂ ।
ਤਾਂ ਮੈਨੂੰ ਭਿੰਡਰਾਂਵਾਲਿਆਂ ਵਲੋਂ ਚੁੱਕੇ ਹਥਿਆਰਾਂ ਜਾਇਜ਼ ਲੱਗਦੇ ਹਨ।

ਕਿਰਪਾ ਕਰਕੇ ਮੇਰੇ ਸਵਾਲ ਦਾ ਜਵਾਬ ਦਿੱਤਾ ਜਾਵੇ ।

06/13/2017 at 10:23pm

**Makhan Singh Purewal** In reply to Harpal Singh Ferozepuria

ਸ: ਹਰਪਾਲ ਸਿੰਘ ਜੀ,
ਤੁਹਾਡੇ ਸਵਾਲ ਦਾ ਜਵਾਬ ਤਾਂ ਪਹਿਲਾਂ ਹੀ ਲੇਖ ਵਿੱਚ ਦਿੱਤਾ ਹੋਇਆ ਹੈ। ਸ਼ਾਇਦ ਲੇਖ ਨੂੰ ਤੁਸੀਂ ਬਹੁਤਾ ਧਿਆਨ ਨਾਲ ਨਹੀਂ ਪੜ੍ਹਿਆ। ਕੀ ਸਰਕਾਰਾਂ ਅਤੇ ਹਿੰਦੂਆਂ ਵਲੋਂ ਕੀਤੀਆਂ ਜ਼ਿਆਦਤੀਆਂ ਦੇ ਮਸਲੇ ਉਸ ਨੇ ਹਥਿਆਰਾਂ ਨਾਲ ਹੱਲ ਕਰ ਦਿੱਤੇ ਸਨ? ਜੇ ਕਰ ਹੱਲ ਕਰ ਦਿੱਤੇ ਸਨ ਤਾਂ ਫਿਰ ਸਿੱਖਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਕੀ ਹੋਇਆ ਜੇ ਕਰ ਸਾਡੇ ਗੁਰਦੁਆਰੇ ਢਾਹ ਹੋ ਗਏ। ਬੀਬੀਆਂ ਦੇ ਬਲਾਤਕਾਰ ਹੋ ਗਏ, ਪੰਜਾਬ ਤੋਂ ਬਾਹਰ ਹਜਾਰਾਂ ਸਿੱਖਾਂ ਦੇ ਕਤਲੇਆਮ ਹੋ ਗਏ ਅਤੇ

ਜਿੰਦਾ ਜਲਾ ਦਿੱਤੇ ਗਏ ਕਿਉਂਕਿ ਸਾਡੇ ਬਾਬੇ ਜਰਨੈਲ ਸਿੰਘ ਨੇ ਬੰਦੂਕ ਦੀ ਗੋਲੀ ਨਾਲ ਪੰਜਾਬ ਅਤੇ ਸਿੱਖਾਂ ਦੇ ਮਸਲੇ ਤਾਂ ਹੱਲ ਕਰ ਹੀ ਦਿੱਤੇ ਹਨ। ਕੱਟੜ ਹਿੰਦੂਆਂ ਤੇ ਪੁਲੀਸ ਅਫਸਰਾਂ ਵਲੋਂ ਕੀਤੀਆਂ ਵਧੀਕੀਆਂ ਦੀ ਸਜਾ ਤਾਂ ਕਈ ਹੋਰ ਵੀ ਆਪਣੇ ਢੰਗ ਨਾਲ ਦੇ ਰਹੇ ਸਨ। ਜਿਵੇਂ ਕਿ ਬਬਰ ਖਾਲਸਾ ਅਤੇ ਕਈ ਹੋਰ ਜਥੇਬੰਦੀਆਂ ਵਾਲੇ। ਕੀ ਸਾਰੇ ਸਿੱਖਾਂ ਦੇ ਸਾਂਝੇ ਇੱਕ ਕੇਂਦਰੀ ਸਥਾਨ ਨੂੰ ਢਾਲ ਵਜੋਂ ਵਰਤਣਾ ਜਰੂਰੀ ਸੀ? ਜੇ ਕਰ ਜਰੂਰੀ ਸੀ ਤਾਂ ਬਾਕੀ ਸਾਰੇ ਨੁਕਸਾਨ ਅਤੇ ਕਤਲੇਆਮ ਦੀ ਜਿੰਮੇਵਾਰੀ ਵੀ ਆਪਣੇ ਸਿਰ ਲਓ। ਇਹ ਕਿਉਂ ਸਾਰੀ ਇੱਕ ਪਾਸੜ ਸਿਰਫ ਸਰਕਾਰ ਦੇ ਸਿਰ ਹੀ ਸੁੱਟਦੇ ਹੋ? ਕਿਸੇ ਵੀ ਦੇਸ਼ ਦੀ ਕੋਈ ਵੀ ਸਰਕਾਰ ਇਹ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦੀ ਕਿ ਇੱਕ ਧਾਰਮਿਕ ਸਥਾਨ ਅੰਦਰ ਲੁਕ ਕੇ ਕੋਈ ਸਰਕਾਰ ਨੂੰ ਵੰਗਾਰੇ। ਮੰਨ ਲਓ ਕਿ ਸਿੱਖਾਂ ਦਾ ਖਾਲਿਸਤਾਨ ਬਣ ਜਾਂਦਾ ਹੈ। ਹੁਣ ਜੇ ਕਰ ਸਿੱਖਾਂ ਦੇ ਖਾਲਿਸਤਾਨ ਵਿੱਚ ਕੋਈ ਕੱਟੜ ਹਿੰਦੂ ਕਿਸੇ ਮੰਦਰ ਵਿੱਚ ਲੁਕ ਕੇ ਤੁਹਾਡੀ ਖਾਲਿਸਤਾਨ ਦੀ ਸਰਕਾਰ ਨੂੰ ਵੰਗਾਰੇ ਤਾਂ ਕੀ ਤੁਸੀਂ ਬਰਦਾਸ਼ਤ ਕਰ ਲਓਗੇ? ਇਹੀ ਗੱਲ ਮੈਂ ਰਣਜੀਤ ਸਿੰਘ ਢੱਡਰੀਆਂ ਬਾਰੇ ਕਹੀ ਸੀ ਜੋ ਕਿ ਜਰਨੈਲ ਸਿੰਘ ਨੂੰ ਠੀਕ ਕਹਿੰਦਾ ਹੈ ਪਰ ਹੋਰ ਬਹੁਤ ਸਾਰੀਆਂ ਗੱਲਾਂ ਗੁਰਮਤਿ ਅਨੁਸਾਰੀ ਠੀਕ ਕਰਦਾ ਹੈ। ਢੱਡਰੀਆਂ ਵਾਲੇ ਤੇ ਹਮਲਾ ਟਕਸਾਲੀ ਸੋਚ ਨੇ ਕੀਤਾ ਸੀ। ਉਸ ਹਿੰਸਕ ਸੋਚ ਨੇ ਕੀਤਾ ਹੈ ਜਿਹੜੀ ਜਰਨੈਲ ਸਿੰਘ ਨੇ ਸ਼ੁਰੂ ਕੀਤੀ ਸੀ। ਇਸ ਸੋਚ ਵਾਲੇ ਇਹ ਸਮਝਦੇ ਹਨ ਕਿ ਸਿਰਫ ਅਸੀਂ ਹੀ ਠੀਕ ਹਾਂ ਬਾਕੀ ਸਾਰੇ ਗਲਤ ਹਨ। ਇਸ ਸੋਚ ਨਾਲ ਜੁੜੇ ਹੋਏ ਲੋਕਾਂ ਨੂੰ ਇਸ ਗੱਲ ਨਾਲ ਕੋਈ ਬਹੁਤਾ ਤੁਅੱਲਕ ਨਹੀਂ ਹੁੰਦਾ ਕਿ ਇਸ ਦਾ ਮੁਖੀ ਝੂਠ ਬੋਲਦਾ ਹੈ ਜਾਂ ਸਰਕਾਰੀ ਹੈ। ਜਿਵੇਂ ਕਿ ਠਾਕਰ ਸਿੰਘ ਅਤੇ ਧੁੰਮਾ। ਉਂਜ ਟਕਸਾਲ ਦਾ ਅਤੇ ਹਿੰਦੂਆਂ ਦਾ ਕੋਈ ਬਹੁਤਾ ਫਰਕ ਨਹੀਂ ਹੈ। ਸਿਰਫ ਬਾਹਰਲੇ ਭੇਖ ਦਾ ਹੀ ਫਰਕ ਹੈ। ਧੁੰਮਾ ਤਾਂ ਕਈ ਵਾਰੀ ਇਹ ਬਾਹਰਲੇ ਭੇਖ ਦਾ ਫਰਕ ਵੀ ਮਿਟਾ ਦਿੰਦਾ ਹੈ ਜਦੋਂ ਹਵਨ ਕਰਦਾ, ਚਲੀਹੇ ਕੱਟਦਾ ਜਾਂ ਭਗਵੇਂ ਕੱਪੜੇ ਪਾ ਕੇ ਹਰਦੁਆਰ ਜਾਂਦਾ ਹੈ। ਭਾਈ ਜਰਨੈਲ ਸਿੰਘ ਸਾਰੀ ਸਿੱਖਿਆ ਗੁਰਬਚਨ ਸਿੰਘ ਤੋਂ ਲੈ ਕੇ ਆਇਆ ਸੀ। ਗੁਰਬਚਨ ਸਿੰਘ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਤੁਸੀਂ ਆਪ ਹੀ ਪੜ੍ਹ ਲਓ ਕਿ ਉਹਨਾ ਵਿੱਚ ਗੁਰਮਤਿ ਹੈ ਜਾਂ ਹਿੰਦੂਮਤ। ਸਿੱਖਾਂ ਦਾ ਸੰਬੰਧ ਦਸਮ ਗ੍ਰੰਥ ਅਨੁਸਾਰ ਕਿਸ ਨਾਲ ਜੋੜਦੇ ਹਨ? ਕਛਿਹਰਾ ਕਿਸ ਨੇ ਦਿੱਤਾ? ਪੰਜ ਪਿਆਰੇ ਅਤੇ ਭਗਤ ਕਿਸ ਦਾ ਅਵਤਾਰ ਸਨ? ਅਤੇ ਹੋਰ ਵੀ ਬਹੁਤ ਕੁੱਝ। ਕੀ ਜਰਨੈਲ ਸਿੰਘ ਨੇ ਕਦੀ ਇਹ ਕਿਹਾ ਸੀ ਕਿ ਜੋ ਸਿੱਖਿਆ ਮੈਂ ਟਕਸਾਲ ਤੋਂ ਲੈ ਕੇ ਆਇਆ ਹਾਂ ਉਹ ਗਲਤ ਸੀ? ਜੇ ਕਰ ਨਹੀਂ ਕਿਹਾ ਤਾਂ ਉਸ ਦੇ ਵਿਚਾਰਾਂ ਨੂੰ ਟਕਸਾਲ ਦੇ ਵਿਚਾਰਾਂ ਨਾਲੋਂ ਵੱਖ ਨਹੀਂ ਕਰ ਸਕਦੇ। ਇਹੀ ਟਕਸਾਲੀ ਸੋਚ ਹਿੰਸਕ ਕਾਰਵਾਈਆਂ ਕਰਕੇ ਸਾਰੇ ਸਿੱਖਾਂ ਤੇ ਆਪਣੀ ਹਿੰਦੂਮਤ ਵਾਲੀ ਸੋਚ ਲਾਗੂ ਕਰਨਾ ਚਾਹੁੰਦੀ ਹੈ।

06/14/2017 at 5:40pm 6 Likes

**arvinder singh**

Dear veer Makhan Singh ji wjkk wjkf , you've written a very touching accounts of the past 37 years Sikh history and present reap of those years. Also you've written by unbiased pen that I call it true as it stands through the results of a prominent cult and it's associates taking over the main affairs of Sikh political and religious issues.
It's time to let go those cults and falsehood that has damaged Sikhi of our gurus.
Thank you for enlightening us with a well balanced article.
Guru Rakha
Arvinder Singh

06/13/2017 at 11:33pm 1 Like

**Harpal Singh Ferozepuria**

ਫਿਰ ਤੁਸੀਂ ਕਿਹਾ ਕਿ
ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਈ ਭੁਪਿੰਦਰ ਸਿੰਘ ਦੇ ਖ਼ੂਨ ਨਾਲ ਇਸ ਦੇ ਹੱਥ ਵੀ ਕੁੱਝ ਰੰਗੇ ਹੋਏ ਹਨ।

ਭਾਈ ਰਣਜੀਤ ਸਿੰਘ ਭਿੰਡਰਾਂਵਾਲਿਆਂ ਦੀ ਤਾਰੀਫ ਕਰਦੇ ਨੇ, ਇਸ ਨਾਲ ਉਨ੍ਹਾਂ ਦਾ ਭਾਈ ਭੁਪਿੰਦਰ ਸਿੰਘ ਦੇ ਖ਼ੂਨ ਨਾਲ ਕੀ ਸੰਬੰਧ ਹੋ ਸਕਦਾ ਹੈ??

06/14/2017 at 12:00am 1 Like

## ਗੁਰਮੀਤ ਸਿੰਘ

ਸ.ਮੱਖਣ ਸਿੰਘ ਜੀ ਦੀ ਬੇਬਾਕ ਅਤੇ ਸਪੱਸ਼ਟ ਲੇਖਣੀ

1984 ਦੇ ਇਸ ਘੱਲੂਘਾਰੇ ਬਾਰੇ ਕੁੱਝ ਲਿਖਣਾ ਤਾਂ ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣ ਵਾਲੀ ਗੱਲ ਹੁੰਦੀ ਹੈ।

ਸਹੀ ਕਿਹਾ ਕਿ ਆਪਰੇਸ਼ਨ ਬਲਿਊ ਸਟਾਰ ਬਾਰੇ ਅਸਲ ਸੱਚ ਆਮ ਸੰਗਤ ਤੱਕ ਨਹੀਂ ਪਹੁੰਚ ਸਕਿਆ। ਸਾਡੀ ਨਵੀਂ ਪੀੜੀ ਤਾਂ ਇਸ ਬਹੁਤ ਹੀ ਮੰਦਭਾਗੇ ਸਾਕੇ ਲਈ ਸਿਰਫ ਇੱਕ ਹੀ ਧਿਰ ਨੂੰ ਦੋਸ਼ੀ ਸਮਝ ਰਹੀ ਹੈ।

ਪੁਰੇਵਾਲ ਜੀ ਦਾ ਕਹਿਣਾ ਬਿਲਕੁੱਲ ਸਹੀ ਹੈ ਕਿ ਸਾਡੇ ਜਾਗਰੂਕ ਪ੍ਰਚਾਰਕ ਵੀ ਇਸ ਮਾਮਲੇ ਵਿੱਚ ਖੁੱਲ ਕੇ ਸੱਚ ਬੋਲਣ ਤੋਂ ਕਤਰਾਉਂਦੇ ਹਨ।

06/14/2017 at 1:56am 1 Like

## ਵਰਿਆਮ ਸਿੰਘ

ਇਸੇ ਵਿਸ਼ੇ ਤੇ ਅੱਜ ਦੇ ਸਪੋਕਸਮੈਨ ਵਿਚ ਛਪਿਆ ਹੋਇਆ ਹਰਦੀਪ ਸਿੰਘ ਨਿਮਾਣਾ ਯੂਐਸਏ ਦਾ ਲੇਖ ਵੀ ਪੜ੍ਹਨਯੋਗ ਹੈ।

06/14/2017 at 3:25am 2 Likes

## Anonymous

ਅੱਧਾ ਝੂਠ ਅੱਧਾ ਸੱਚ ਹੈ

06/14/2017 at 4:56am

## Anonymous

ਅੱਧਾ ਝੂਠ ਅੱਧਾ ਸੱਚ ਹੈ

06/14/2017 at 4:57am

## ਇੰਦਰਜੀਤ ਸਿੰਘ, ਕਾਨਪੁਰ

ਬਚਿਤੱਰ ਨਾਟਕ ਨੂੰ ਦਸਮ ਪਿਤਾ ਦੀ ਬਾਣੀ ਕਹਿਣ ਵਾਲਾ ਕਿਨ੍ਹਾਂ ਕੁ ਵਿਦਵਾਨ ਅਤੇ ਗੁਰਮਤਿ ਦਾ ਧਾਰਣੀ ਹੋਵੇਗਾ ਇਸ ਗੱਲ ਦਾ ਅੰਦਾਜਾ ਤਾਂ ਸਹਿਜ ਹੀ ਲਾਇਆ ਜਾ ਸਕਦਾ ਹੈ । ਬਿਪਰਵਾਦੀ ਤਾਕਤਾਂ ਨੇ ਐਸੇ ਬੰਦੇ ਨੂੰ ਸੰਤ ਬਣਾਂ ਕੇ ਸਿੱਖਾਂ ਦੇ ਗਿਆਰ੍ਹਵੇ ਗੁਰੂ ਦੇ ਰੂਪ ਵਿਚ ਪੇਸ਼ ਕਰ ਦਿੱਤਾ । ਮੈਂ ਇਕੋ ਹੀ ਸਵਾਲ ਪੁਛਦਾ ਹਾਂ ਕਿ ਭਿੰਡਰ ਵਾਲਿਆਂ ਦੀ ਜਾਂ ਟਕਸਾਲ ਦੀ ਕੌਮ ਨੂੰ ਕੀ ਦੇਣ ਹੈ ? ਜਦੋਂ ਦਾਸ ਨੇ ਇਹ ਸਵਾਲ ਪੁਛਿਆ ਤਾਂ ਇਕ ਟਕਸਾਲੀ ਮੈਨੂੰ ਕਹਿੰਦਾ ਹੈਕਿ ਜਦੋਂ ਉਹ ਜਿਉਦੇ ਸਨ ਤਾਂ ਤੁਸੀ ਉਨ੍ਹਾਂ ਦੇ ਖਿਲਾਫ ਜੁਬਾਨ ਕਿਉ ਨਹੀ ਖੋਲ੍ਹੀ ? ਮੈਂ ਉਸਨੂੰ ਕਹਿਆ ਭਲਿਆ ਤੂੰ ਤਾਂ ਉਸ ਵੇਲੇ ਜਮਿਆਂ ਵੀ ਨਹੀ ਹੋਵੇਂਗਾ ਜਦੋ ਮੈਂ ਇਸ ਅਖੌਤੀ ਸੰਤ ਅਤੇ ਇਸਦੇ ਚਾਟੜਿਆਂ ਨੂੰ ਦਰਬਾਰ ਸਾਹਿਬ ਦੇ ਕਮਰਿਆਂ ਚ" ਕਬਜਾ ਕਰਿਆਂ ਵੇਖਿਆ ਹੈ। ਦਰਬਾਰ ਸਾਹਿਬ ਕਾਂਪਲੈਕਸ ਨੂੰ ਇਸ ਨੇ ਅਪਣੀ ਨਿਜੀ ਜਾਇਦਾਦ ਬਣਾਂ ਲਿਆ ਹੋਇਆਂ ਸੀ । ਬਲੂ ਸਟਾਰ ਅਪਰੇਸ਼ਨ ਤਾਂ ਬਹੁਤ ਬਾਦ ਵਿੱਚ ਹੋਇਆ । ਦੂਜੀ ਗੱਲ ਉਸ ਟਕਸਾਲੀ ਕੋਲੋਂ ਦਾਸ ਨੇ ਇਹ ਪੁੱਛੀ ਕਿ ਇਸਦੇ ਚਲਾਏ ਕਥਿਤ ਧਰਮ ਯੁੱਧ ਮੋਰਚੇ ਤੋਂ ਕੌਮ ਨੂੰ ਹਾਸਿਲ ਕੀ ਹੋਇਆ ? ਸਵਾਇ ਇਸਦੇ ਕਿ ਕੌਮ ਇਕ ਸਦੀ ਪਿੱਛੇ ਧੱਕ ਦਿੱਤੀ ਗਈ। ਦਰਬਾਰ ਸਾਹਿਬ ਦੀ ਬੇਅਦਬੀ ਅਤੇ ਅਕਾਲ ਤਖਤ ਦੀ ਮੁਕੱਦਸ ਇਮਾਰਤ ਨੂੰ ਢਹਿ ਢੇਰੀ ਕਰਵਾਉਣ ਦੇ ਪਿਛੇ ਕਿਸ ਦਾ ਹੱਥ ਸੀ। ਜੇ ਐਡਾ ਹੀ ਨੀਤੀਵਾਨ ਸੀ ਤਾਂ ਅਪਣਾਂ ਧਰਮਯੁੱਧ ਮੋਰਚਾ ਚੌਂਕ ਮਹਿਤਾ ਤੋਂ ਚਲਾਉਦਾ , ਦਰਬਾਰ ਸਾਹਿਬ ਦੇ ਕਮਰੇ ਕਿਸੇ ਇਕ ਧਿਰ ਦੀ ਨਿਜੀ ਜਾਇਦਾਦ ਥੋੜੀ ਹੀ ਹਨ ! ਇਕ ਲੱਖ ਸਿੱਖਾਂ ਦੇ ਕਤਲ ਦਾ ਅਸਲ ਜਿੱਮੇਦਾਰ ਕੌਣ ਸੀ ?ਜੇ ਅਕਾਲ ਤਖ ਤ ਦਾ ਅਖੌਤੀ ਜਥੇਦਾਰ ਵਕਤ ਦੀਆਂ ਹਕੂਮਤਾਂ ਦਵਾਰਾ ਵਰਤਿਆਂ ਜਾਂਦਾ ਰਿਹਾ ਹੈ ਤੇ ਇਹ ਟਕਸਾਲਾ ਵੀ ਪੰਥ ਦੋਖੀਆਂ ਦਾ ਹੀ ਅਜੈਡਾ ਪੂਰਦੀਆਂ ਰਹੀਆਂ ਨੇ ਅਤੇ ਅੱਜ ਵੀ ਪੂਰ ਰਹਿਆਂ ਨੇ । ਮੈਨੂੰ ਕੁਲਬੀਰ ਸਿੰਘ ਕੌੜਾ ਦੀ ਉਹ ਗੱਲ ਯਾਦ ਾਉਦੀ ਹੈ ਜਿਸ ਵਿਚ ਉਨ੍ਹਾਂ ਨੇ ਕਹਿਆ ਸੀ ਕਿ "ਹਾਥੀ ਕੇ ਪਾਂਵ ਮੇਂ ਸਭਕਾ ਪਾਂਵ" । ਅਰਥਾਤ ਜੇ ਸਿੱਖਾਂ ਦੇ ਮੁਖ ਅਦਾਰਿਆਂ ਉੱਤੇ ਹੀ ਕਬਜਾ ਕਰ ਲਈਏ ਤਾਂ 99% ਭੇਡੂ ਸਿੱਖ ਤਾਂ ਆਪ ਹੀ ਸਾਡੇ ਮਤ ਵਿੱਚ ਜਜਬ ਹੋ ਜਾਂਣਗੇ । ਬਿਪਰਵਾਦੀ ਤਾਕਤਾਂ ਨੇ ਉਹ ਹੀ ਸਾਜਿਸ਼ ਖੇਡੀ ਅਤੇ ਉਸ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ ।

ਇਹ ਅਖੌਤੀ ਖਾਲਿਸਤਾਨ ਅਤੇ ਭੀਂਡਰਾਂ ਵਾਲੇ ਦੇ ਪੋਸਟਰ ਵੀ ਇਕ ਬਹੁਤ ਵੱਡੀ ਸਾਜਿਸ਼ ਦਾ ਹੀ ਹਿੱਸਾ ਹਨ । ਇੰਹ ਖੇਡ ਇਸ ਲਈ ਖੇਡੀ ਜਾ ਰਹੀ ਹੈ ਕਿ ਸਿੱਖ ਅਪਣੇ ਅਮੀਰ ਵਿਰਸੇ , ਇਤਿਹਾਸ ਅਤੇ ਗੁਰਬਾਣੀ ਤੋਂ ਟੱਟ ਕੇ ਇਸ ਕਥਿਤ ਸੰਤ ਨੂੰ ਹੀ ਪੰਥ ਦਾ ਸਭਤੋਂ ਵੱਡਾ ਸ਼ਹੀਦ ਮੰਣ ਲਵੇ । ਹੌਲੀ ਹੌਲੀ ਆਉਣ ਵਾਲੀਆਂ ਪੀੜ੍ਹੀਆਂ ਦੇ ਅੱਗੇ ਇਸਨੂੰ ਗਿਆਰਵਾਂ ਗੁਰੂ ਬਣਾਂ ਕੇ ਪੇਸ਼ ਕਰ ਦਿੱਤਾ ਜਾਵੇ । ਮੈਂ ਪੁਛਦਾ ਹਾਂ ਕਿ ਭਿੰਡਰਾਂਵਾਲਿਆਂ ਦੀ ਸ਼ਹਾਦਤ ਕੀ ਬੰਦਾ ਸਿੰਘ ਬਹਾਦੁਰ ਨਾਲੋ ਵੀ ਉੱਚੀ ਹੋ ਗਈ , ਜਿਸਨੇ ਅਪਣੇ ਚਾਰ ਸਾਲ ਦੇ ਬੱਚੇ ਦਾ ਦਿੱਲ ਅਪਣੇ ਮੂਹ ਵਿਚ ਪੁਵਾ ਲਿਆ ਲੇਕਿਨ ਇਹ ਕਹਿਣਾਂ ਸਵੀਕਾਰ ਨਹੀ ਕੀਤਾ ਕਿ ਮੈਂ ਗੁਰੂ ਦਾ ਸਿੱਖ ਨਹੀ ! ਇਹ ਟਕਸਾਲੀਏ ਤਾਂ ਕੂੜ ਪੋਥੇ ਨੂੰ ਗੁਰੂ ਦੀ ਬਾਣੀ ਕਹਿ ਕੇ ਆਪ ਹੀ ਅਪਣੇ ਸ਼ਬਦ ਗੁਰੂ ਤੋਂ ਬਾਗੀ ਹੋਏ ਫਿਰਦੇ ਹਨ। । ਸਿੱਖੀ ਲਈ ਬੰਦ ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਭਾਈ ਮਤੀ ਦਾਸ ਜੀ। ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤੇ ਗਏ ਭਾਈ ਦਿਆਲਾ ਜੀ । ਜਿਉਦੇ ਜੀ ਅਪਣੀ ਖੋਪੜੀ ਉਤਰਵਾ ਦੇਣ ਵਾਲ;ੇ ਭਾਈ ਤਾਰੂ ਸਿੰਘ ਜੀ ਅਤੇ ਅਨਗਿਣਤ ਕੌਮ ਦੇ ਮਹਾਨ ਸ਼ਹੀਦ ਅੱਜ ਕੌਮ ਦੇ ਭੁਲਾ ਦਿੱਤੇ ਹਨ ਅਤੇ ਇਸ ਬਚਿਤੱਰ ਨਾਟਕ ਦੇ ਉਪਾਸਕ ਨੂੰ ਕੌਮ ਦਾ ਸਭ ਤੋਂ ਵੱਡਾ ਸ਼ਹੀਦ ਅਤੇ ਸੰਤ ਬਣਾਂ ਕੇ ਇਕ ਸਾਜਿਸ਼ ਦੇ ਰੂਪ ਵਿੱਚ ਪੇਸ਼ ਕਰ ਦਿਤਾ ਗਿਆ ਹੈ । ਖਾਲਸਾ ਜੀ ! ਸੁੱਤੇ ਸੁੱਤੇ ਹੀ ਤੁਹਾਡਾ ਘਰ ਲੁੱਟ ਲਿਆ ਗਿਆ ਹੈ । ਪੂਰੀ ਤਰ੍ਹਾਂ ਲੁੱਟੇ ਜਾ ਚੁਕੇ ਹੋ । ਹੁਣ ਤਾਂ ਹੋਸ਼ ਵਿੱਚ ਆ ਜਾਉ । ਜੇ ਹੱਲੀ ਵੀ ਇਸ ਸਾਜਿਸ਼ ਨੂੰ ਤੁਸਾਂ ਨਾਂ ਸਮਝਿਆ ਤਾਂ ਉਹ ਦਿਨ ਦੂਰ ਨਹੀ ਜਦੋ ਤੁਸੀ ਹਿੰਦੂ ਸਮਾਜ ਦਾ ਇਕ ਅਨਿਖੜਵਾਂ ਅੰਗ ਬਣ ਚੁਕੇ ਹੋਵੋਗੇ । ਫਿਰ ਤੁਹਾਡੇ ਕੋਲ ਨਾਂ ਕਿਸੇ ਗ੍ਰੰਥ ਬਾਰੇ ਬਹਿਸ ਕਰਣ ਦਾ ਵਿਸ਼ਾ ਹੋਣਾਂ ਹੈ ਅਤੇ ਨਾਂ ਨਿਤਨੇਮ ਦੀਆਂ ਬਾਣੀਆਂ ਦਾ ਕਿਉ ਕਿ ਫਿਰ ਤਾਂ ਤੁਸਾਂ ਚੰਡੀ ਦੀ ਉਪਾਸਨਾਂ ਕਰਣ ਜੋਗੇ ਹੀ ਰਹਿ ਜਾਂਣਾਂ ਹੈ । ਭੁਲ ਚੁਕ ਮੁਆਫ ਕਰਣੀ ਜੀ।
ਇੰਦਰਜੀਤ ਸਿੰਘ, ਕਾਨਪੁਰ

06/14/2017 at 11:09am 3 Likes

## ਇੰਦਰਜੀਤ ਸਿੰਘ, ਕਾਨਪੁਰ

ਦਾਸ ਸੰਪਾਦਕ ਸਾਹਿਬ ਕੋਲੋਂ ਅਤੇ ਪਾਠਕਾਂ ਕੋਲੋਂ ਖਿਮਾਂ ਦਾ ਜਾਚਕ ਹਾਂ ਕਿਉ ਕਿ ਦਾਸ ਸਿੱਖ ਮਾਰਗ ਤੇ ਲਿਖਣ ਤੋਂ ਬੈਨ ਹਾਂ ਲੇਕਿਨ ਸੰਪਾਦਕ ਸਾਹਿਬ ਜੀ ਦੇ ਲੇਖ ਦਾ ਵਿਸ਼ਾ ਦਾਸ ਦੀ ਦੁਖਦੀ ਰੱਗ ਤੇ ਹੱਥ ਰਖ ਗਿਆ ਇਸ ਲਈ ਅਪਣੇ ਵਿਚਾਰ ਲਿਖਣ ਤੋਂ ਰਹਿ ਨਾਂ ਸਕਿਆ।

06/14/2017 at 11:16am 2 Likes

**Jagroop Singh**

True, but there is Much Much MORE to be DISCLOSED.

06/14/2017 at 3:28pm 4 Likes

**ਸੁਖਵੰਤ ਸਿੰਘ ਚਾਟੀਵਿੰਡ**

ਬਿਲਕੁੱਲ ਠੀਕ ਗੱਲ ਕੀਤੀ ਵੀਰ ਜੀ

06/14/2017 at 7:06pm 3 Likes

**Bhupinder singh**

ਦਾਸ ਨੂੰ ਸੱਭ ਤੋ ਬਡਾ ਕਾਰਣ ਸਿੱਖ ਰੈਫਰੈਸ ਲਾਇਿਬਰੇਰੀ ਦਾ ਲਗਦਾ ਹੈ ਪਰ ਕਿਸੇ ਵੀ ਵਦਵਾਨ ਨੇ ਅਜ ਤਕ ਗੱਲ ਨਹੀ ਕੀਤੀ?

06/15/2017 at 6:22am 1 Like

**Anonymous**

Many Many Thanks it is true

06/15/2017 at 5:06pm 1 Like

**DK Singh**

You are 100% right. Sikh are also double faced.

Purewal Ji, you are a true Sikh. Present day Sik

06/16/2017 at 1:37pm 1 Like

**harminderr pal singh**

very well written purewal sahib!!!
I have asked indo Canadian to publish this article in the original form,let us see if they dare to publish it or not.Hope you won't have any objection
Regards
Harminder Pal singh

06/16/2017 at 2:37pm 1 Like

**Makhan Singh Purewal** In reply to harminderr pal singh

ਸ: ਹਰਮਿੰਦਰ ਪਾਲ ਸਿੰਘ ਜੀ,
ਇੱਥੇ 'ਸਿੱਖ ਮਾਰਗ' ਤੇ ਛਪੀ ਕੋਈ ਵੀ ਲਿਖਤ ਕਿਤੇ ਵੀ ਕੋਈ ਛਾਪ ਸਕਦਾ ਹੈ। ਸਾਨੂੰ ਇਸ ਬਾਰੇ ਕੋਈ ਵੀ ਇਤਰਾਜ਼ ਨਹੀਂ ਹੈ। ਕਈ ਵਾਰੀ ਕਈ ਗੁਰਦੁਆਰਿਆਂ ਵਾਲੇ ਵੀ ਕਈ ਲੇਖ ਛਾਪ ਕੇ ਵੰਡਦੇ ਹਨ। ਜਦੋਂ ਉਹ ਇਸ ਤਰ੍ਹਾਂ ਕਰਨ ਬਾਰੇ ਪੁੱਛਦੇ ਹਨ ਤਾਂ ਸਾਡਾ ਸਭ ਨੂੰ ਇਹੀ ਜਵਾਬ ਹੁੰਦਾ ਹੈ ਕਿ ਤੁਸੀਂ ਕੋਈ ਵੀ ਲੇਖ ਛਾਪ ਕੇ ਵੰਡ ਸਕਦੇ ਹੋ ਪਰ ਕੁੱਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇੱਕ ਤਾਂ ਲੇਖਕ ਦਾ ਨਾਮ ਨਾਲ ਛਪਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਚੋਰੀ ਦੀ ਲਿਖਤ ਨਾ ਸਮਝੇ ਅਤੇ ਜੇ ਕਰ ਹੋ ਸਕੇ ਤਾਂ 'ਸਿੱਖ ਮਾਰਗ' ਦਾ ਹਵਾਲਾ ਵੀ ਦੇਣਾ ਚਾਹੀਦਾ ਹੈ। ਅਤੇ ਉਸ ਲਿਖਤ ਵਿੱਚ ਸਪੈਲਿੰਗ ਤਾਂ ਠੀਕ ਕੀਤੇ ਜਾ ਸਕਦੇ ਹਨ ਪਰ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ। ਉਸ ਲਿਖਤ ਬਾਰੇ ਜੇ ਕਰ ਕੋਈ ਸਵਾਲ ਕਰਦਾ ਹੈ ਤਾਂ ਉਸ ਦਾ ਜਵਾਬ ਦੇਣਾ ਛਾਪਣ ਵਾਲੇ ਦੀ ਜਿੰਮੇਵਾਰੀ ਬਣਦੀ ਹੈ ਕਿਉਂਕਿ ਸਾਰੇ ਲੇਖਕ ਨਾ ਤਾਂ ਸਾਰੇ ਥਾਵਾਂ ਤੇ ਪੜ੍ਹ ਸਕਦੇ ਹਨ ਅਤੇ ਨਾ ਹੀ ਜਵਾਬ ਦੇ ਸਕਦੇ ਹਨ। ਸਾਰੇ ਪਾਠਕਾਂ ਦਾ ਧੰਨਵਾਦ ਜਿਹਨਾ ਨੇ ਇਸ ਲੇਖ ਬਾਰੇ ਆਪਣੇ ਵਿਚਾਰ ਦਿੱਤੇ ਹਨ।

06/17/2017 at 4:10am

## ਤਕਦੀਰ ਸਿੰਘ

ਮੱਖਣ ਸਿੰਘ ਪੁਰੇਵਾਲ ਮੈਂ ਤੁਹਾਡੇ ਦੁਆਰਾ ਲਿਖੇ ਕਈ ਆਰਟਿਕਲ ਪੜ੍ਹੇ ਜਦੋਂ ਤੂੰ ਕੁਝ ਸਿੱਖਾਂ ਦੇ ਵਿਰੁੱਧ ਲਿਖਦਾ ਹੈ

ਉਸ ਹੇਠ comments ਬੰਦ ਕਰਦਾ ਹੈ ਤੂੰ ਕਹਿਣਾ ਹੈ ਕਿ ਭਿੰਡਰਾਂਵਾਲਾਂ ਗਲਤਗਲਤ ਸੀ ਪਹਿਲਾ ਇਤਿਹਾਸ ਪੜ੍ਹ ਫੇਰ ਜੱਜ ਕਰੀ ਜੇ ਸੱਚ ਪਤਾ ਨਾ ਹੋਵੇ ਤਾਂ ਚੁੱਪ ਹੀ ਚੰਗੀ ਹੁੰਦੀ ਆ

07/25/2017 at 4:42am

**Makhan Singh Purewal** In reply to ਤਕਦੀਰ ਸਿੰਘ

ਤਕਦੀਰ ਸਿੰਘ ਜੀ,
ਇਤਿਹਾਸ ਪੜ੍ਹਿਆ ਹੈ ਪਰ ਜਿਹੜਾ ਝੂਠਾ ਇਤਿਹਾਸ ਤੁਸੀਂ ਖਾਸ ਕਰਕੇ ਭਿੰਡਰਾਂਵਾਲੇ ਸਾਧ ਦੇ ਚੇਲੇ ਪੜ੍ਹਾਉਣਾ ਚਾਹੁੰਦੇ ਹੋ ਉਸ ਦੀ ਮੈਨੂੰ ਲੋੜ ਨਹੀਂ। ਤੁਹਾਡੇ ਵਰਗੇ ਬੰਦੇ ਜਿਹੜੇ ਕੁਮਿੰਟਸ ਕਰਨ ਵੇਲੇ ਵੀ 100% ਝੂਠ ਲਿਖ ਸਕਦੇ ਹਨ ਉਹਨਾ ਤੋਂ ਹੋਰ ਕਿਸੇ ਸੱਚ ਦੀ ਕੀ ਆਸ ਹੋ ਸਕਦੀ ਹੈ। ਤੁਸੀਂ ਆਪਣੀ ਇਸ ਪੋਸਟ ਵਿੱਚ ਲਿਖਿਆ ਹੈ, "ਤੂੰ ਕੁਝ ਸਿੱਖਾਂ ਦੇ ਵਿਰੁੱਧ ਲਿਖਦਾ ਹੈ ਉਸ ਹੇਠ comments ਬੰਦ ਕਰਦਾ ਹੈ"। ਜਿਹੜੇ ਲੋਕ ਧਰਮ ਦੇ ਨਾਮ ਤੇ ਝੂਠ ਬੋਲ ਕੇ ਅਧਰਮ ਅਤੇ ਨਫਰਤ ਫੈਲਾਉਂਦੇ ਹਨ ਉਹ ਭਾਵੇਂ ਸਿੱਖ ਹੋਣ, ਹਿੰਦੂ ਹੋਣ, ਮੁਸਲਮਾਨ ਹੋਣ, ਇਸਾਈ ਹੋਣ ਜਾਂ

ਹੋਰ ਕਿਸੇ ਫਿਰਕੇ ਨਾਲ ਸੰਬੰਧਿਤ ਹੋਣ, ਇਹਨਾ ਸਾਰਿਆਂ ਬਾਰੇ ਹੀ ਲਿਖਦਾ ਹਾਂ। ਜਿਹੜੀ ਗੱਲ ਤੁਸੀਂ ਕੁਮਿੰਟਸ ਬੰਦ ਕਰਨ ਬਾਰੇ ਲਿਖੀ ਹੈ ਇਹ 100% ਕੋਰਾ ਝੂਠ ਹੈ। ਮੈਂ ਅੱਜ ਤੱਕ ਆਪਣੇ ਕਿਸੇ ਵੀ ਲੇਖ ਤੋਂ ਜਿੱਥੇ ਕੁਮਿੰਟਸ ਕਰਨ ਲਈ ਕਿਹਾ ਗਿਆ ਹੋਵੇ ਅੱਜ ਤੱਕ ਕਦੀ ਵੀ ਬੰਦ ਨਹੀਂ ਕੀਤੇ। 'ਸਿੱਖ ਮਾਰਗ' ਤੇ ਛਪਣ ਵਾਲੇ ਸਾਰੇ ਲੇਖ ਥੱਲੇ ਕੁਮਿੰਟਸ ਕਰਨ ਲਈ ਨਹੀਂ ਖੋਲੇ ਜਾਂਦੇ। ਹਰ ਹਫਤੇ ਇੱਕ ਲੇਖ ਥੱਲੇ ਹੀ ਕੁਮਿੰਟਸ ਕਰਨ ਲਈ ਖੋਲਿਆ ਜਾਂਦਾ ਹੈ। ਕਿਤੇ ਕਿਤੇ ਦੋ ਲੇਖ ਵੀ ਖੋਲ ਦਿੱਤੇ ਜਾਂਦੇ ਹਨ। ਕਿਸੇ ਹਫਤੇ ਕੋਈ ਲੇਖ ਵੀ ਨਹੀਂ ਹੁੰਦਾ ਜਿਥੇ ਕੁਮਿੰਟਸ ਕੀਤੇ ਜਾਣ। ਉਂਜ ਕੋਈ ਵੀ ਪਾਠਕ ਕਿਸੇ ਵੀ ਲੇਖ ਬਾਰੇ ਜਦੋਂ ਮਰਜ਼ੀ ਤੁਹਾਡੇ ਆਪਣੇ ਪੰਨੇ ਦੀ ਵਰਤੋਂ ਕਰ ਸਕਦਾ ਹੈ। ਦਲੀਲ ਨਾਲ ਕੋਈ ਵੀ ਵਿਚਾਰ ਕਰ ਸਕਦਾ ਹੈ ਪਰ ਧੌਂਸ ਨਾਲ ਨਹੀਂ।

07/25/2017 at 6:11pm

**ਤਕਦੀਰ ਸਿੰਘ**

UBS Publishers Distributors PVt. Ltd. ਨਵੀਂ ਦਿੱਲੀ ਕਿਤਾਬ ਦੀ publishers ਹੈ ਇਸ ਤਰ੍ਹਾਂ media ਤੇ ਜੁਵਾਬ ਹੋਇਆ ਜੇਕਰ ਕਿਤਾਬ ਗਲਤ ਸਪੀ ਹੈ ਕੋਰਟ ਵਿੱਚ ਕੇਸ ਕਰੇ ਰਹੀ ਗੱਲ ਚੇਲੇ ਦੀ ਮੈਂ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਮਝਦਾ ਤੇ comments ਤੂੰ ਆਪ ਹੀ ਮੰਨ ਰਿਹਾ ਹੈ ਕਿ ਬੰਦ ਕਰਦਾ ਕਿ ਨਿਰੰਕਾਰੀ ਗੁਰਬਚਨਾ ਜੋ ਬੇਅਦਬੀ ਕਰਨ ਰਿਹਾ ਸੀ ਕਿ 7 ਸਿਤਾਰੇ ਬਣਵਾ ਅਤੇ ਹਰ ਮਹੀਨੇ ਮੇਰਾ ਜਨਮ ਦਿਨ ਮਨਾਉਣ ਤੇ ਜੋ ਕੂੜ ਪਰਚਾਰ ਕਰ ਰਿਹਾ ਸੀ ਸਿੱਖ ਧਰਮ ਵਿਰੁੱਧ ਕੀ ਉਸ ਜਵਾਬ ਦੇਣਾ ਗਲਤ ਸੀ ਜੋ ਸੰਵਿਧਾਨ ਸਿੱਖਾਂ ਨੂੰ ਕੇਸਾਂ ਧਾਰੀ ਹਿੰਦੂ ਕਹਿ ਉਹ ਸਹੀ ਹੈ ਤੇ ਤੁਹਾਡੇ ਵਰਗੇ ਲੋਕ ਜਿਨ੍ਹਾਂ ਨੂੰ ਜੇਲ੍ਹ ਭਰੋ ਅੰਦੋਲਨ ਧਰਮ ਯੁੱਧ ਮੋਰਚਾ ਤਾਂ ਯਾਦ ਨਹੀਂ ਤੇ ਇੱਕ ਆਰਟਿਕਲ ਵਿੱਚ ਤੂੰ ਲਿਖਿਆ ਹੈ ਕਿ ਭਿੰਡਰਾਂਵਾਲਾ ਕਹਿੰਦਾ ਸੀ ਕਿ ਇੱਕ ਸਿੱਖ ਨੂੰ 25 ਹਿੰਦੂ ਆਉਦੇ ਆ ਤੇ ਪਹਿਲਾਂ ਹਿੰਦੂਆਂ ਵੱਲੋਂ ਕਿਹਾ ਕਿ 35 ਨੂੰ ਇੱਕ ਇੱਕ ਆਉਂਦਾ ਤਾਂ ਯਾਦ ਨਹੀਂ ਇੰਦਰਾ ਗਾਂਧੀ ਕਹਿ ਦੇਵੇ ਕਿ ਪੰਜਾਬ ਦੇ ਸਿੱਖ ਪੰਜਾਬ ਚੋਂ ਬਾਹਰ ਰਹਿੰਦੇ ਸਿੱਖਾਂ ਵਾਰੇ ਸੋਚ ਲੈਣ ਉਹ ਯਾਦ ਨਹੀਂ ਉਸ ਸਮੇਂ ਪੁਲਿਸ ਵੱਲੋਂ ਸਿੱਖਾਂ ਉੱਤੇ ਹੋ ਰਹੇ ਜੁਲਮ ਤੇ ਯਾਦ ਨਹੀਂ ਧੀਆਂ ਭੈਣਾਂ ਦੀ ਹੋ ਰਹੀ ਬੇਪਤੀ ਤਾਂ ਯਾਦ ਨਹੀਂ ਤੁਹਾਡੇ ਵਰਗੇ ਹਿੰਦੂ ਹਕੂਮਤ ਦੇ ਚਮਚੇ ਜੋ ਸਿੱਖਾਂ ਵਿੱਚ ਗਲਤ ਸੋਚ ਭਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਸੋਚ ਤੇ ਚੱਲ ਰਹੇ ਹਾਂ ਜੇਕਰ ਤੂੰ ਸੱਚਾ ਹੈ ਤਾਂ ਕਿਉਂ ਨੀਂ ਲੋਕਾਂ ਨੂੰ ਸੱਚ ਦਸਦਾ ਕਿਉਂ ਨੀਂ ਜੋ ਭਿੰਡਰਾਂਵਾਲੇ ਨੂੰ ਸਹੀ ਕਹਿ ਰਹੇ ਨੇ ਜਾ ਉਹਨਾਂ ਚ ਆਵਦਾ ਗਿਆਨ ਵੰਡਦਾ ਤੂੰ ਕਿਹਾ ਸੀ ਕਿ ਭਿੰਡਰਾਂਵਾਲਾ ਡਰਪੋਕ ਸੀ ਪਰ ਉਹ ਫਿਰ ਵੀ ਲੋਕ ਵਿੱਚ ਜਾ ਕੇ ਪਰਚਾਰ ਕਰ ਰਿਹਾ ਸੀ ਤੇ ਤੂੰ ਤਾਂ ਸਿਰਫ ਨਾ ਪਿੱਛੇ ਲੁੱਕ ਕੇ ਬੋਲਦਾ ਹੈ ਤੂੰ ਕਿਉਂ ਨੀਂ ਲੋਕਾਂ ਵਿੱਚ ਜਾ ਕੇ ਸੱਚ ਦਾ ਪਰਚਾਰ ਕਰਦਾ

07/26/2017 at 8:37pm

**Makhan Singh Purewal**

ਗੱਲ ਸੁਣ ਓਏ ਝੂਠਿਆ। ਮੈਂ ਦੱਸ ਕਿਥੇ ਕਿਹਾ ਹੈ ਕਿ ਮੈਂ ਕੁਮਿੰਟਸ ਬੰਦ ਕਰਦਾ ਹਾਂ। ਜਦ ਤੇਰੇ ਵਰਗੇ ਬੰਦੇ ਨੂੰ ਸਾਫ ਲਿਖਿਆ ਹੀ ਸਮਝ ਨਹੀਂ ਆਉਂਦਾ ਤਾਂ ਉਸ ਨਾਲ ਵਿਚਾਰ ਕੀ ਕਰਨੀ ਹੈ। ਹਿੰਦੂ ਹਕੂਮਤ ਦੀ ਥਰੜ ਏਜੰਸੀ ਦੇ ਇਸ਼ਾਰਿਆਂ ਤੇ ਚੱਲਣ ਵਾਲਾ ਤੁਹਾਡਾ ਉਹ ਸਾਧ ਸੀ ਜਿਸ ਦੇ ਇਸ਼ਾਰਿਆਂ ਤੇ ਉਹ ਸਾਰਾ ਕੁੱਝ ਕਹਿੰਦਾ ਸੀ ਤਾਂ ਕਿ ਆਮ ਸਿੱਖਾਂ ਨੂੰ ਵੱਧ ਤੋਂ ਵੱਧ ਕੁੱਟਿਆ ਅਤੇ ਜਲੀਲ ਕੀਤਾ ਜਾ ਸਕੇ। ਇਹੀ ਕੁੱਝ 1984 ਤੋਂ ਬਾਅਦ ਹੋਇਆ। ਕੀ ਧੀਆਂ ਭੈਣਾਂ ਦੀ ਬੇਇਜ਼ਤੀ ਉਸ ਨੇ ਘੱਟ ਕਰਾਈ ਹੈ ਜਾਂ ਵੱਧ ਕਰਾਈ ਹੈ? ਹੁਣ ਕਿਤਨੀ ਕੁ ਹੁੰਦੀ ਹੈ ਜਾਂ ਪਹਿਲਾਂ ਕਿਤਨੀ ਕੁ ਹੁੰਦੀ ਸੀ? ਕੀ

ਉਸ ਨੂੰ ਅੰਦਰ ਬੈਠੇ ਨੂੰ ਹਥਿਆਰ ਥਰੜ ਏਜੰਸੀ ਨੇ ਨਹੀਂ ਪਹੁੰਚਾਏ? ਰਹਿੰਦੀ ਕਸਰ ਥਰੜ ਏਜੰਸੀ ਦੀ ਤੁਸੀਂ ਪੂਰੀ ਕਰ ਰਹੇ ਹੋ। ਦਸਮ ਗ੍ਰੰਥ ਦਾ ਗੰਦ ਉਸ ਸਾਧ ਨੇ ਵੱਧ ਚੜ੍ਹ ਕੇ ਪ੍ਰਚਾਰਿਆ ਜਿਹੜਾ ਗ੍ਰੰਥ ਸਿੱਖਾਂ ਨੂੰ ਹਿੰਦੂ, ਲਓ ਕੁਸ਼ ਦੀ ਔਲਾਦ ਸਾਬਤ ਕਰਦਾ ਹੈ। ਮੈਂ ਉਸ ਸਾਧ ਦੇ ਪਾਏ ਇਸ ਦਸਮ ਗ੍ਰੰਥ ਦੇ ਗੰਦ ਨੂੰ ਸਾਫ ਕਰ ਰਿਹਾ ਹਾਂ। ਇਹੀ ਸੱਚ ਮੈਂ ਲੋਕਾਂ ਨੂੰ ਕਈ ਦਹਾਕਿਆਂ ਤੋਂ ਦੱਸ ਰਿਹਾ ਹਾਂ। ਗੱਲ ਤਾਂ ਸੱਚ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਹੈ। ਕੀ ਇਹ ਸੱਚ ਪਹੁੰਚਦਾ ਨਹੀਂ? ਜੇ ਕਰ ਇਹ ਸੱਚ ਪਹੁੰਚਦਾ ਹੈ ਤਦ ਹੀ ਤੁਹਾਡੇ ਵਰਗੇ ਝੂਠੇ ਬੰਦਿਆਂ ਨੂੰ ਇਹ ਸੱਚ ਪੜ੍ਹ ਕੇ ਮਿਰਚਾਂ ਲਗਦੀਆਂ ਹਨ। ਜੇ ਕਰ ਨਕਲੀ ਨਿਰੰਕਾਰੀਆਂ ਨੇ ਗੁਰੂਆਂ ਵਿਰੁੱਧ ਬੋਲਿਆ ਹੈ ਤਾਂ ਤੁਹਾਡੇ ਇਹ ਸਾਧ ਅਤੇ ਟਕਸਾਲ ਨੇ ਤਾਂ ਕਈ ਗੁਣਾਂ ਵੱਧ ਗੁਰੂਆਂ ਦੀ ਬੇਇਜ਼ਤੀ ਕੀਤੀ ਹੈ। ਕੀ ਦਸਮ ਗ੍ਰੰਥ ਵਿੱਚ ਗੁਰੂ ਨੂੰ ਲੋਕਾਂ ਦੀਆਂ ਪੱਗਾਂ ਲਾਹ ਕੇ ਵੇਚਣ ਵਾਲਾ ਅਤੇ ਸਿਰੋਪੇ ਦੇਣ ਵਾਲਾ ਨਹੀਂ ਲਿਖਿਆ? ਕੀ ਤੁਹਾਡੇ ਉਸ ਸਾਧ ਨੇ ਪਿਆਰਾ ਸਿੰਘ ਪਦਮ ਦੀ ਦਸਮ ਗ੍ਰੰਥ ਬਾਰੇ ਲਿਖੀ ਕਿਤਾਬ ਦੀ ਪ੍ਰਸੰਸਾ ਨਹੀਂ ਕੀਤੀ? ਜਿਸ ਵਿੱਚ ਪਦਮ ਉਸ ਕਹਾਣੀ ਨੂੰ ਗੁਰੂਆਂ ਦੀ ਆਪ ਬੀਤੀ ਲਿਖਦਾ ਹੈ। ਕੀ ਤੁਹਾਡੇ ਉਸ ਗੰਦੇ ਸਾਧ ਨੇ ਗੁਰੂਆਂ ਦੀ ਬੇਅਦਬੀ ਕਰਨ ਵਾਲੇ ਹੋਰ ਵੀ ਅਨੇਕਾਂ ਹੀ ਕੁਫਰ ਨਹੀਂ ਤੋਲੇ? ਜਿਹੜੇ ਕਿ ਸੂਰਜ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਤੇ ਹੋਰ ਅਨਮਤੀ ਗ੍ਰੰਥਾਂ ਵਿੱਚ ਲਿਖੇ ਹੋਏ ਹਨ।

07/27/2017 at 3:53pm

**ਤਕਦੀਰ ਸਿੰਘ**

ਉਹ ਝੂਠਾ ਤਾਂ ਤੂੰ ਹੈ ਤੂੰ ਕਹਿੰਦਾ ਸੀ ਦਲੀਲ ਨਾਲ ਗੱਲ ਕਰ ਮੈਂ publishers ਦਾ ਨਾ ਉਪਰ ਲਿਖਿਆ ਹੈ ਭਾਵੇਂ ਸਰਚ ਕਰਕੇ ਵੇਖ ਲੈ ਆ ਵਿਡਿਉ ਵਿੱਚ ਕਿਹਾ ਗਿਆ ਹੈ ਕਿ published ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿਤਾਬ ਵਿੱਚ publishers ਦਾ ਨਾ ਤੇ ਪਤਾ ਲਿਖਿਆ ਹੋਇਆ ਹੈ ਤੇ ਜੇ ਤੇਰੇ ਚ ਮਾੜੀ ਮੋਟੀ ਅਣਖ ਬਚੀ ਹੋਵੇ ਤਾਂ ਦਲੀਲ ਨਾਲ ਗੱਲਤ ਸਿਧ ਕਰ

07/27/2017 at 8:39pm

**Makhan Singh Purewal**

ਗੱਲ ਸੁਣ ਉਏ ਝੂਠੇ ਸਾਧ ਦੇ ਝੂਠੇ ਚੇਲਿਆ। ਉਹ ਵੀਡੀਓ ਮੈਂ ਨਹੀਂ ਬਣਾ ਕੇ ਪਾਈ ਜੇ ਕਰ ਬਣਾਉਣ ਵਾਲਿਆਂ ਨੇ ਸਾਰੀ ਸਹੀ ਜਾਣਕਾਰੀ ਨਹੀਂ ਦਿੱਤੀ ਤਾਂ ਉਹਨਾ ਤੋਂ ਪੁੱਛ। ਮੇਰਾ ਮਤਲਬ ਨਕਲੀ ਕਿਤਾਬ ਤੱਕ ਹੈ ਕਿ ਉਹ ਕਿਤਾਬ ਨਕਲੀ ਹੈ ਭਾਵ ਕਿ ਜਨਰਲ ਕੇ. ਐੱਸ. ਬਰਾੜ ਦੀ ਨਹੀਂ ਲਿਖੀ ਹੋਈ। ਇਹ ਗੱਲ ਉਹ ਵੀਡੀਓ ਵਿੱਚ ਸਾਫ ਕਹਿੰਦਾ ਹੈ। ਰਹੀ ਗੱਲ ਕੋਰਟ ਵਿੱਚ ਕੇਸ ਕਰਨ ਦੀ। ਹੋ ਸਕਦਾ ਹੈ ਕਿ ਉਹ ਸੁਰੱਖਿਆ ਦੇ ਕਾਰਨ ਕੋਰਟਾਂ ਵਿੱਚ ਨਾ ਜਾਣਾ ਚਾਹੁੰਦਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਿਤਾਬ ਲਿਖਣ ਵਾਲਿਆਂ ਨੇ ਲਿਖੀ ਹੀ ਇਸ ਮਨਸਾ ਨਾਲ ਹੋਵੇ ਕਿ ਇੱਕ ਤਾਂ ਸਾਧ ਦੀ ਝੂਠੀ ਵਡਿਆਈ ਹੋਵੇਗੀ ਅਤੇ ਦੂਜਾ ਜੇ ਕਰ ਉਹ ਕੋਰਟ ਵਿੱਚ

ਜਾਵੇ ਤਾਂ ਉਸ ਨੂੰ ਕਤਲ ਕਰਨਾ ਸੌਖਾ ਹੋ ਜਾਵੇਗਾ। ਇਸ ਬਾਰੇ ਮੈਂ ਸਿਰਫ ਦੁਬਾਰਾ ਇਹੀ ਕਹਿਣਾ ਚਾਹੁੰਦਾ ਹਾਂ ਕਿ ਉਹ ਕਿਤਾਬ ਨਕਲੀ ਹੈ ਅਤੇ ਝੂਠੇ ਸਾਧ ਦੀ ਝੂਠੀ ਵਡਿਆਈ ਕਰਨ ਲਈ ਲਿਖੀ ਗਈ ਹੈ। ਉਏ ਝੂਠੇ ਸਾਧ ਦੇ ਝੂਠੇ ਚੇਲਿਓ ਤੁਸੀਂ ਦੱਸੋ ਕਿ ਤੁਸੀਂ ਕੋਰਟ ਵਿੱਚ ਕਿਉਂ ਨਹੀਂ ਗਏ। ਬੀ. ਬੀ. ਸੀ. ਦੁਨੀਆ ਦਾ ਸਭ ਤੋਂ ਵੱਡਾ ਮੀਡੀਏ ਦਾ ਅਦਾਰਾ ਹੈ। ਇਸ ਦੇ ਪੱਤਰਕਾਰ, ਮਾਰਕ ਟੱਲੀ ਅਤੇ ਸਤੀਸ਼ ਜੈਕਬ ਨੇ ਇੱਕ ਕਿਤਾਬ, "ਅੰਮ੍ਰਿਤਸਰ ਸ੍ਰੀ ਮਤੀ ਗਾਂਧੀ ਦੀ ਅੰਤਲੀ ਲੜਾਈ" ਲਿਖੀ ਸੀ। ਇਹ ਕਿਤਾਬ ਪੰਜਾਬੀ ਵਿੱਚ ਅੱਜ ਤੋਂ ਕੋਈ 31 ਸਾਲ ਪਹਿਲਾਂ ਛਪੀ ਸੀ। ਇਸ ਕਿਤਾਬ ਵਿੱਚ ਭਿੰਡਰਾਂ ਵਾਲੇ ਸਾਧ ਨੂੰ ਸਰਕਾਰੀ/ਕਾਂਗਰਸੀ ਨੀਤੀਆਂ ਅਨੁਸਾਰ ਕੰਮ ਕਰਦਾ ਦਰਸਾਇਆ ਗਿਆ ਹੈ। ਜੇ ਕਰ ਕਿ ਇਹ ਸਾਰਾ ਕੁੱਝ ਗਲਤ ਹੈ ਤਾਂ ਇਸ ਸਾਧ ਦੇ ਚੇਲੇ ਕੋਰਟ ਵਿੱਚ ਕਿਉਂ ਨਹੀਂ ਗਏ? ਜੇ ਕਰ ਗਏ ਹਨ ਤਾਂ ਕੀ ਉਸ ਕਿਤਾਬ ਤੇ ਬੈਨ ਲੱਗਾ ਸੀ ਜਾਂ ਕੋਈ ਹਰਜਾਨਾ ਮਿਲਿਆ ਸੀ? ਜੇ ਕਰ ਉਸ ਕਿਤਾਬ ਵਿੱਚ ਲਿਖਿਆ ਸਾਰਾ ਕੁੱਝ ਠੀਕ ਹੈ ਤਾਂ ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਇਸ ਸਾਧ ਨੇ ਸਾਰਾ ਕੁੱਝ ਸਰਕਾਰੀ ਨੀਤੀਆਂ ਅਨੁਸਾਰ ਹੀ ਕੀਤਾ ਸੀ। ਲਓ ਹੇਠਾਂ ਪੜ੍ਹ ਲਓ ਉਸ ਕਿਤਾਬ ਦਾ ਇੱਕ 65 ਨੰ: ਪੰਨਾ।

ਮੈਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੋਂ ਸਭ ਤੋਂ ਪਹਿਲਾਂ ਇਹ ਪੁੱਛਿਆ ਕਿ ਸੰਤ ਦੀ ਗ੍ਰਿਫਤਾਰੀ ਦਾ ਹੁਕਮ ਕਿਸਨੇ ਦਿੱਤਾ ਸੀ? ਉਸ ਨੇ ਉਤਰ ਦਿੱਤਾ, "ਮੈਂ ਉਸ ਨੂੰ ਚੰਦੋ ਕਲਾਂ ਵਿੱਚ ਫੜਨਾ ਚਾਹੁੰਦਾ ਸੀ।"
'ਕੀ ਇਹ ਸੱਚ ਹੈ ਕਿ ਪੁਲੀਸ ਦੇ ਉਥੇ ਪਹੁੰਚਣ ਤੋਂ ਪਹਿਲਾਂ ਹਰਿਆਣੇ ਦੇ ਮੁੱਖ ਮੰਤਰੀ ਨੇ, ਭਿੰਡਰਾਂਵਾਲੇ ਨੂੰ ਚੰਦੋ ਕਲਾਂ ਤੋਂ ਲੈ ਜਾਣ ਲਈ ਸਰਕਾਰੀ ਕਾਰ ਭੇਜੀ? 'ਜੇ ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ ਤਾਂ ਮੇਰੇ ਕੋਲੋਂ ਕਿਉਂ ਪੁੱਛਦੇ ਹੋ? 'ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸਨੂੰ ਰਿਹਾ ਕਿਉਂ ਕਰ ਦਿੱਤਾ ਗਿਆ? 'ਮੈਨੂੰ ਨਾਂ ਪੁੱਛੋ! ਤੁਸੀਂ ਵੀ ਜਾਣਦੇ ਹੋ। ਉਸਨੂੰ ਆਪਣੇ ਬੰਦੂਕਧਾਰੀਆਂ ਨਾਲ ਦਿੱਲੀ ਵਾਪਿਸ ਕਿਉਂ ਆਉਣ ਦਿੱਤਾ ਗਿਆ? ਉਹ ਉਦੋਂ ਕਿਉਂ ਨਾ ਗ੍ਰਿਫਤਾਰ ਕੀਤਾ ਗਿਆ'?
ਆਪਣੀ ਰਿਹਾਈ ਦਾ ਜਸ਼ਨ ਮਨਾਉਣ ਲਈ ਜਦੋਂ ਭਿੰਡਰਾਂਵਾਲਾ ਦਿੱਲੀ ਆਇਆ, ਉਸਨੇ ਖੁਲ੍ਹੇਆਮ ਕਾਨੂੰਨ ਦੀ ਖਿੱਲੀ ਉੜਾਈ । ਉਹ ਆਪਣੇ 80 ਸਮਰਥਕਾਂ ਨਾਲ ਰਾਜਧਾਨੀ ਵਿਚ ਘੁੰਮਦਾ ਰਿਹਾ, ਜਿਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਨਜਾਇਜ਼ ਹਥਿਆਰਾਂ ਦਾ ਦਿਖਾਵਾ ਕਰਦੇ ਹੋਏ ਬਸਾ ਦੀਆਂ ਛੱਤਾਂ ਤੇ ਬੈਠੇ ਸਨ । ਉਸਨੂੰ ਗ੍ਰਿਫਤਾਰ ਕਰਨ ਦੀ ਜੁੰਮੇਂਵਾਰੀ ਗਿਆਨੀ ਜ਼ੈਲ ਸਿੰਘ ਦੀ ਸੀ ਕਿਉਂਕਿ ਦਿੱਲੀ ਪੁਲਿਸ ਦਾ ਨਿਯੰਤਰਣ ਗ੍ਰਹਿ ਮੰਤਰਾਲੇ ਰਾਹੀਂ ਕੀਤਾ ਜਾਂਦਾ ਹੈ। ਇਸ ਫੇਰੀ ਦੌਰਾਨ ਭਿੰਡਰਾਂਵਾਲਾ ਤੇ ਉਸਦੇ ਸਾਥੀਆਂ ਨੇ, ਜਿਨ੍ਹਾਂ

ਨਾਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਇਕੱਤਰਿਤ ਕੀਤੇ ਹਜ਼ਾਰਾਂ ਸਿੱਖ ਸਨ, ਰਾਜਧਾਨੀ ਦੇ ਉੱਤਰੀ ਚੁਗਿਰਦੇ ਦੇ ਇਕ ਗੁਰਦੁਆਰੇ ਤੋਂ ਗੁਰਦੁਆਰਾ ਬੰਗਲਾ ਸਾਹਿਬ ਜੋ ਦਿੱਲੀ ਦਾ ਮੁੱਖ ਗੁਰਦੁਆਰਾ ਹੈ ਤੇ ਪਾਰਲੀਮੈਂਟ ਦੇ ਬਿਲਕੁਲ ਪਿਛੇ ਸਥਿਤ ਹੈ, ਤੀਕਰ ਇਕ ਉਲਾਸ ਭਰਿਆ ਜੇਤੂ ਜਲੂਸ ਕੱਢਿਆ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਟਰੋਲ ਕਾਂਗਰਸ ਪਾਰਟੀ ਦੇ ਹੱਥ ਸੀ । ਇਸ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦੇ ਸ੍ਰੀਮਤੀ ਗਾਂਧੀ ਨਾਲ ਨੇੜੇ ਦੇ ਨਿਜੀ ਸੰਬੰਧ ਸਨ। ਗ੍ਰਹਿ ਮੰਤਰੀ ਨੇ ਭਿੰਡਰਾਂਵਾਲੇ ਨੂੰ ਤਿਹਾੜ ਜੇਲ੍ਹ ਅੰਦਰ ਕੈਦ ਇਕ ਸਿੱਖ ਰਾਜਨੀਤਗ ਨੂੰ ਮਿਲਣ ਜਾਣ ਦੀ ਆਗਿਆ ਵੀ ਦਿੱਤੀ ।

ਇਸ ਲਈ ਇਹ ਸੋਚਣ ਲਈ ਸਾਰੇ ਮਹੱਤਵਪੂਰਣ ਸਬੂਤ ਹਨ ਕਿ ਸੰਤ ਭਿੰਡਰਾਂਵਾਲੇ ਦਾ ਰਿਹਾਈ ਦਾ ਹੁਕਮ ਗ੍ਰਹਿ ਮੰਤਰੀ ਨੇ ਦਿੱਤਾ ਸੀ। ਯਕੀਨਨ ਹੀ ਉਹ ਅਜੇ ਵੀ ਗਿਆਨੀ ਜ਼ੈਲ ਸਿੰਘ ਦੀ ਸਰਪ੍ਰਸਤੀ ਮਾਣਦਾ ਸੀ ਪਰੰਤੂ ਪੰਜਾਬ ਦੇ ਇਕ ਉਚੇ ਕਾਂਗਰਸ ਰਾਜਨੀਤਗ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਇਹ ਅਸਲ ਵਿਚ ਸ਼ੀਮਤੀ ਗਾਂਧੀ ਆਪ ਸੀ ਜਿਸਨੇ ਸੰਤ ਦੀ ਰਿਹਾਈ ਦਾ ਆਦੇਸ਼ ਦਿੱਤਾ। ਇਸ ਦੀ ਪੁਸ਼ਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਦੇ ਪਰਿਵਾਰ ਦੇ ਇਕ ਮੈਂਬਰ ਨੇ ਵੀ ਕੀਤੀ। ਉਸ ਨੇ ਮੈਨੂੰ ਦੱਸਿਆ ਕਿ ਸੰਤੋਖ ਸਿੰਘ ਆਪ ਸ੍ਰੀਮਤੀ ਗਾਧੀ ਕੋਲ ਗਿਆ ਅਤੇ ਉਸਨੇ ਭਿੰਡਰਾਂਵਾਲੇ ਦੀ ਰਿਹਾਈ ਦੀ ਵਕਾਲਤ ਕੀਤੀ ਅਤੇ ਇਹ ਧਮਕੀ ਦਿੱਤੀ ਕਿ ਜੇ ਭਿੰਡਰਾਂਵਾਲੇ ਨੂੰ ਰਿਹਾ ਨਾ ਕੀਤਾ ਗਿਆ ਤਾਂ ਦਿੱਲੀ ਗਰਦੁਆਰਾ ਕਮੇਟੀ ਨੂੰ ਕਾਂਗਰਸ ਦਾ ਵਫ਼ਾਦਾਰ ਰੱਖਣਾ ਸੰਭਵ ਨਹੀਂ ਰਹੇਂਗਾ.

ਭਿੰਡਰਾਂਵਾਲੇ ਦੀ ਰਿਹਾਈ ਉਸਦੇ ਜੀਵਨ ਵਿਚ ਇਕ ਤਬਦੀਲੀ ਵਾਲਾ ਮੋੜ ਸੀ । ਹੁਣ ਉਸ ਨੂੰ ਇਕ ਹੀਰੋ ਵਜੋਂ ਤੱਕਿਆ ਜਾ ਰਿਹਾ ਸੀ ਜਿਸਨੇ ਭਾਰਤ ਸਰਕਾਰ ਨੂੰ ਵੰਗਾਰਿਆ ਤੇ ਹਰਾਇਆ। ਜਿਵੇਂ ਕਿ ਰਿਹਾਈ ਤੋਂ ਬਾਦ ਸੰਤ ਨੇ ਆਪ ਕਿਹਾ, 'ਸਰਕਾਰ ਨੇ ਇਕ ਹਫਤੇ ਵਿਚ ਮੇਰੇ ਲਈ ਉਸ ਨਾਲੋਂ ਵੱਧ ਕੀਤਾ ਹੈ, ਜਿੰਨਾਂ ਮੈਂ ਸਾਲਾਂ ਵਿਚ ਪ੍ਰਾਪਤ ਕਰ ਸਕਦਾ ਸਾਂ'। ਗਿਆਨੀ ਜ਼ੈਲ ਸਿੰਘ ਭਿੰਡਰਾਂਵਾਲੇ ਨੂੰ ਆਜ਼ਾਦ ਚਾਹੁੰਦਾ ਸੀ ਕਿਉਕਿ ਉਸਨੂੰ ਅਜੇ ਵੀ ਵਿਸ਼ਵਾਸ ਸੀ ਕਿ ਉਹ ਉਸਨੂੰ ਆਪਣੇ ਸ਼ਰੀਕ, ਪੰਜਾਬ ਦੇ ਮੁੱਖ ਮੰਤਰੀ ਨੂੰ ਥਲੇ ਲਿਆਉਣ ਲਈ ਵਰਤ ਸਕਦਾ ਹੈ।

07/28/2017 at 3:49pm

**ਤਕਦੀਰ ਸਿੰਘ**

ਉਹ ਤੇਰਾ ਕੋਈ ਸਟੈਂਡ ਆ ਇੱਕ ਪਾਸੇ ਤਾਂ ਤੂੰ ਕਹਿਣਾ ਹੈ ਕਿ ਦਲੀਲ ਨਾਲ ਗੱਲਤ ਸਿਧ ਕਰੋ ਹਿੰਦੂਆਂ ਦੀ ਏ ਗੰਦੀਏ ਔਲਾਦੇ ਇਹ ਕਿਹੜੀ ਦਲੀਲ ਹੋਈ ਕਿ ਮਿਡਿਆ ਤੋਂ ਗੱਲਤ ਹੋ ਗਿਆ ਉਹ ਡਰ ਗਿਆ ਜੇ ਸੋਡੀ ਐਨੀ ਔਕਾਤ ਨਹੀਂ ਕਿ ਮਥਾ ਲਾ ਸਕੋਫਿਰ ਪੰਗੇ ਖਾਸ ਤੋਂ ਲੈਦੇ ਹੋ ਤੇ ਤੁਹਾਡੇ ਕੋਰਟ ਵਿੱਚ ਹੀ ਕੇਸ ਹੋਇਆ ਸੀ ਜਿਸ ਵਿੱਚ ਇਹ ਸਿੱਧ ਹੋਇਆ ਹੈ ਕਿ ਭਿੰਡਰਾਂਵਾਲਾ ਅਤਵਾਦੀ ਨਹੀਂ ਇਥੋਂ ਤੱਕ ਕਿ ਅਕਾਲ ਤਖ਼ਤ ਸਾਹਿਬ ਤੇ ਹਮਲੇ ਤਕ ਉਸ ਉੱਤੇ ਕੋਈ FIR ਦਰਜ ਸੀ ਪਰ ਤੁਹਾਡੇ ਵਰਗੇ ਬੇਅਕਲੇ ਹਜੇ ਵੀ ਉਸ ਨੂੰ ਗਲਤ ਠਹਿਰਾਉਣ ਤੇ ਲੱਗੇ ਹੋਏ ਨੇ ਤੇ ਨਾਲ ਹੀ ਤੂੰ ਕਹਿਣਾ ਹੈ ਕਿ ਉਸ ਤੋਂ ਬਾਅਦ ਕਿਹੜਾ ਘੱਟ ਬੇਅਦਬੀਆ ਹੋਇਆ ਉਸ ਤੋਂ ਬਾਅਦ ਕਿਹੜਾ ਘੱਟ ਬੀਬੀਆਂ ਦੀਆਂ ਇੱਜਤਾ ਲੁਟਿਆ
ਗਈਆਂ
ਪਰ ਜਿਨ੍ਹਾਂ ਚਿਰ ਜਿਉਂਦਾ ਸੀ ਉਹਨਾਂ ਸਮਾ ਕਿਸੇ ਦੀ ਜੁਅਰਤ ਨਹੀਂ ਇਸ ਤਰ੍ਹਾਂ ਦੀ ਹਰਕਤ ਕਰਨ ਦੀ ਬਾਕੀ ਇਸ ਜਿਉਂਦੇ ਹੀ ਕਿਸੇ ਨੂੰ ਰੋਕ ਸਕਦੇ ਹਾਂ ਮਰਨ ਤੋਂ ਬਾਅਦ ਕੋਣ ਕੁਝ ਕਰ ਸਕਦਾ ਹੈ ਚੱਲ ਤੂੰ ਕਹਿਣ ਕੀ ਉਸ ਦਾ ਤਰੀਕਾ ਗਲਤ ਸੀ ਪਰ ਚੱਲ ਆ ਤੂੰ ਸਹੀ ਤਰੀਕੇ ਨਾਲ਼ ਹੱਕ ਦੁਆ ਦੇ ਤੂੰ ਆ ਆਪਾਂ ਚੱਲ ਕੇ ਗੱਲ ਕਰਦੇ ਹਾਂ ਸੰਵਿਧਾਨ ਚ ਤੇ ਹੱਕ ਤੇ ਇਨਸਾਫ ਦੁਆਈਏ ਹੋਰ ਕੋਈ ਤੁਰੇ ਨਾ ਤੁਰੇ ਮੈਂ ਚੱਲਦਾ ਤੂੰ ਮੁਹਰੇ ਲੱਗ ਮੈਂ ਤੇਰੇ ਨਾਲ ਤੁਰਦਾ

07/28/2017 at 6:12pm

**Makhan Singh Purewal**

ਹਿੰਦੂਆਂ ਦੀ ਗੰਦੀ ਤੇ ਝੂਠੀ ਉਲਾਦ ਸਾਰੇ ਤੁਸੀਂ ਲੋਕ ਹੋ ਜਿਹੜੇ ਟਕਸਾਲੀਆਂ ਦੀ ਸੀਨਾ ਬਸੀਨਾ ਮਰਯਾਦਾ ਦਾ ਢੰਡੋਰਾ ਪਿਟ ਕੇ ਹਰ ਰੋਜ ਦਸਮ ਗ੍ਰੰਥ ਵਿਚੋਂ ਰਾਮ ਦੀ ਕਥਾ ਨੂੰ ਜੁਗ-ਜੁਗ ਅਟੱਲ ਕਹਿੰਦੇ ਹੋ। ਤੁਹਾਡਾ ਉਹ ਗੰਦਾ ਸਾਧ ਇੱਕ ਪਾਸੇ ਹਿੰਦੂਆਂ ਨੂੰ ਨਫਰਤ ਕਰਦਾ ਸੀ ਅਤੇ ਦੂਜੇ ਪਾਸੇ ਦਸਮ ਗ੍ਰੰਥ ਦੇ ਗੰਦ ਦਾ ਮੁਦਈ ਸੀ ਜਿਹੜਾ ਗ੍ਰੰਥ ਸਿੱਖਾਂ ਨੂੰ ਲਓ ਕੁਸ਼ੂ ਨਾਲ ਜੋੜਦਾ

ਹੈ। ਝੂਠਿਆ ਤੂੰ ਕਹਿੰਦਾ ਹੈਂ ਕਿ ਉਸ ਨੇ ਜੀਂਅਦੇ ਜੀ ਧੀਆਂ ਭੈਣਾਂ ਦੀ ਬੇ-ਇਜ਼ਤੀ ਨਹੀਂ ਹੋਣ ਦਿੱਤੀ ਇਹ ਤਾਂ ਸਾਰਾ ਕੁੱਝ ਤਾਂ ਉਸ ਦੇ ਨਾਲ ਦੇ ਵੀ ਕਰ ਰਹੇ ਸਨ। ਤੁਹਾਡੇ ਉਸ ਗੰਦੇ ਸਾਧ ਦੇ ਮਰਨ ਤੋਂ ਪਹਿਲਾਂ ਅਪ੍ਰੈਲ ਮਹੀਨੇ ਵਿੱਚ ਉਸ ਦੇ ਸਾਹਮਣੇ ਹੀ ਬੱਬਰ ਖਾਲਸੇ ਵਾਲਿਆਂ ਨੇ ਇਸ਼ਤਿਹਾਰ ਵੰਡੇ ਸਨ ਅਤੇ ਇਹ ਸੰਤ ਸਿਪਾਹੀ ਵਿੱਚ ਵੀ ਛਪਿਆ ਸੀ, ਜਿਸ ਵਿੱਚ ਇਸ ਤਰ੍ਹਾਂ ਲਿਖਿਆ ਸੀ: ਆਪਣੇ ਆਪ ਨੂੰ ਅਖੌਤੀ ਧਾਰਮਿਕ ਨੇਤਾ ਅਖਵਾਉਣ ਵਾਲਾ ਜੋ ਸਟੇਜਾਂ ਤੇ ਪਰਚਾਰ ਕਰਦਾ ਹੈ ਕਿ ਜੇਕਰ ਕੋਈ ਅੰਮ੍ਰਿਤਧਾਰੀ ਸਿੰਘ ਸ਼ਰਾਬ ਪੀਦਾ ਹੈ ਜਾਂ ਕਿਸੇ ਦੀ ਧੀ ਭੈਣ ਨੂੰ ਹੱਥ ਪਾਉਂਦਾ ਹੈ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦੇਵੋ। ਪਰ ਜੇ ਕਰ ਉਸਦੇ ਆਪਣੇ ਹੀ ਆਦਮੀ ਸ੍ਰੀ ਹਰਿਮੰਦਰ ਸਾਹਿਬ ਦੀ ਪਾਵਨ ਹਦੂਦ ਅੰਦਰ ਸਰਾਂ ਦੇ ਕਮਰਾ ਨੰ: 171 ਵਿੱਚ ਸ਼ਰਾਬ ਪੀਂਦੇ ਫੜੇ ਜਾਣ ਤਾਂ ਉਹਨਾਂ ਨੂੰ ਸ੍ਰੀ ਅਕਾਲ ਤਖਤ ਤੋਂ ਆ ਕੇ ਛੁਡਾ ਲੈ ਜਾਣ। ਜੇਕਰ ਉਸ ਅਖੌਤੀ ਧਾਰਮਿਕ ਨੇਤਾ ਦਾ ਨਿੱਜੀ ਸੇਵਾਦਾਰ 26. 9. 83 ਨੂੰ ਕਿਸੇ ਦੀ ਲੜਕੀ ਜਬਰਦਸਤੀ ਚੁੱਕ ਕੇ ਕਮਰਾ ਨੰ: 107 ਵਿੱਚ ਲੈ ਜਾਵੇ ਤਾਂ ਲੋਕਾਂ ਦੀਆਂ ਧੀਆਂ ਭੈਣਾਂ ਦੀ ਰੱਖਿਆ ਕਰਨ ਦੀਆਂ ਫੜ੍ਹਾਂ ਮਾਰਨ ਵਾਲੇ ਲੈਫਟੀਨੈਂਟ ਕਮਰੇ ਦੇ ਜਿੰਦਰੇ ਤੋੜ ਕੇ ਆਪਣੇ ਸੇਵਾਦਾਰ ਨੂੰ ਛੁਡਵਾ ਕੇ ਲੈ ਜਾਣ ਤਾਂ ਜਵਾਬ ਦੇਵੇ ਕਿ ਉਸਨੇ ਸ਼ਰਾਬ ਪੀਣ ਵਾਲੇ ਨੂੰ ਮਿਟੀ ਦਾ ਤੇਲ ਪਾ ਕੇ ਕਿਉਂ ਨਹੀਂ ਸੀ ਸਾੜਿਆ ਅਤੇ ਕਿਸੇ ਦੀ ਇਜ਼ਤ ਲੁਟਣ ਵਾਲੇ ਨੂੰ ਗੋਲੀ ਕਿਉਂ ਨਹੀਂ ਮਾਰੀ?

07/29/2017 at 5:12am 1 Like

**ਤਕਦੀਰ ਸਿੰਘ**

ਮੈਂ ਪਹਿਲਾਂ ਵੀ ਦਸ ਚੁੱਕਾ ਕਿ ਕਿਸੇ ਵੀ ਟਕਸਾਲ ਜਾ ਧੱੜੇ ਨਾਲ ਕੋਈ ਲਿੰਕ ਨਹੀਂ ਪਰ ਤੇਰੇ ਵਰਗੇ ਮੰਦਬੁੱਧੀ ਨੂੰ ਇਹ ਸਮਝ ਨਹੀਂ ਆ ਸਕਦੀ ਤੇ ਰਹੀ ਗੱਲ ਦਸਮ ਗ੍ਰੰਥ ਬਾਰੇ ਸੁਰੂ ਤੋਂ ਦਸਮ ਗ੍ਰੰਥ ਵਿਵਾਦ ਵਿੱਚ ਰਿਹਾ ਹੈ ਪਰ ਇਹ ਹਰ ਵਿਦਵਾਨ ਮੰਨਦਾ ਆਇਆਂ ਹੈ ਇਸ ਵਿਚੋਂ ਕੁਝ ਲਿਖਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹਨ ਤੇ ਜੋ ਕੁਝ ਤੂੰ ਹੇਠਾਂ ਲਿਖਿਆ ਹੈ ਇਸ ਦਾ ਕੀ ਸਬੂਤ ਹੈ ਤੂੰ ਤਾ ਕਿਸੇ ਗੱਲ ਦਾ ਜਵਾਬ ਨਹੀਂ ਦੇ ਸਕਿਆ ਤੇ ਹਰ ਵਾਰ ਨਵੀਂ ਗੱਲ ਨਾਲ ਮੈਂ ਮੈਂਨੂੰ ਗੱਲਤ ਸਿਧ ਕਰਨ ਤੇ ਲੱਗਾ ਹੋਇਆ ਹੈ। ਤੇਰੀ ਸੋਚ ਤੇਰੀ ਔਕਾਤ ਦੱਸਣ ਲਈ ਕਾਫੀ ਹੈ ਇਕ ਨਾ ਦਾ ਸਹਾਰਾ ਲੈ ਕੇ ਸਿੱਖਾਂ ਵਿੱਚ ਗਲਤ ਸੋਚ ਭਰ ਵਾਲਾ Rss ਦਾ ਜਨਟ ਜੋ ਇਕ ਸਿੰਘ ਵਾਲੇ ਨਾ ਪਿੱਛੇ ਲੁੱਕਿਆ ਹੋਇਆ ਬ੍ਰਾਹਮਣ ਹੈ ਤੇਰੇ ਵਰਗੇ ਦੋਗਲੇ ਲੋਕ ਸਿੱਖਾਂ ਦਾ ਖਾਤਮਾ ਕਰਨ ਤੇ ਤੁਲੇ ਹੋਏ ਹਨ ਤੇਰੇ ਵਰਗੇ ਕਟਿਆ ਬੰਦੇ ਸਿਰਫ ਬਾਂਦਰਾ ਵਾਂਗੂ ਇਕ ਦਰਖਤ ਤੋਂ ਦੂਜੇ ਤੋਂ ਤੀਜੇ ਤੇ ਉਹ ਕੰਮ ਤੇਰਾ ਹੈ ਇਕ ਗੱਲ ਦਾ ਜੁਵਾਬ ਨਾ ਦੇ ਸਕਇਆ ਦੂਜੀ ਗੱਲ ਤੇ ਦੂਜੀ ਦਾ ਨਾ ਦਿੱਤਾ ਗਿਆ ਤਾ ਤੀਜੀ ਗੱਲ ਤੇਰੇ ਵਰਗੀਆਂ ਵਾਸਤੇ ਕਹਾਵਤ ਹੈ ਮੱਝ ਮੂਹਰੇ ਬੀਨ ਬਜਾਉਣਦਾ ਕੋਈ ਫਾਇਦਾ ਨਹੀਂ

07/29/2017 at 8:26pm

**Makhan Singh Purewal**

ਗੱਲ ਸੁਣ ਉਏ ਗੰਦੇ ਸਾਧ ਦੇ ਗੰਦੇ ਚੇਲਿਆ। ਉਹ ਸਾਰੇ ਹੀ ਸਿੱਧੇ ਜਾਂ ਅਸਿੱਧੇ ਤੌਰ ਤੇ RSS ਦੇ ਏਜੰਟ ਹਨ ਜੋ ਦਸਮ ਗ੍ਰੰਥ ਨੂੰ ਪ੍ਰਮੋਟ ਕਰਦੇ ਹਨ। ਇਸ ਗੱਲ ਤੋਂ ਸਾਰੀ ਦੁਨੀਆ ਦੇ ਲੋਕ ਹੀ ਹੁਣ ਜਾਣੂ ਹੋ ਰਹੇ ਹਨ। ਤੁਹਾਡੀ ਬਕੜਵਾਹ ਹੁਣ ਬਹੁਤਾ ਚਿਰ ਨਹੀਂ ਚੱਲ ਸਕਦੀ। ਲੋਕ ਜਾਗਰਤ ਹੋ ਰਹੇ ਹਨ। ਤੇਰੇ ਵਰਗੇ ਬੇਵਕੂਫ ਸਾਧ ਤੇ ਚੇਲੇ ਨਾਲ ਗੱਲ ਕਰਕੇ ਮੇਰਾ ਸਮਾ ਤਾ ਜਰੂਰ ਕੁੱਝ ਖਰਾਬ ਹੋਇਆ ਹੈ ਪਰ ਫਾਇਦਾ ਇਹ ਹੋਇਆ ਹੈ ਕਿ ਅਗਾਂਹ ਨੂੰ ਤੇਰੇ ਵਰਗੇ ਕਿਸੇ ਸਾਧ ਦੇ ਬੇਵਕੂਫ ਚੇਲੇ ਨੂੰ ਮੈਂ ਜਿੰਨੀ ਛੇਤੀਂ ਹੋ ਸਕੇ

ਇੱਥੋਂ ਦਫਾ ਕਰ ਦਿਆ ਕਰਾਂਗਾ। ਤੇਰੀ ਵੀ ਇਹ ਬੱਸ ਆਖਰੀ ਪੋਸਟ ਸੀ। ਤੈਂ ਆਪਣੀ ਔਕਾਤ ਚੰਗੀ ਤਰ੍ਹਾਂ ਦਿਖਾ ਦਿੱਤੀ ਹੈ ਉਹ ਇੱਥੇ ਸੰਭਾਲੀ ਰਹੇਗੀ।

07/30/2017 at 6:29am 1 Like



**Dr Harjinder Singh Dilgeer**

Taqdeer Singh wrote: ਪਰ ਇਹ ਹਰ ਵਿਦਵਾਨ ਮੰਨਦਾ ਆਇਆਂ ਹੈ ਇਸ ਵਿਚੋਂ ਕੁਝ ਲਿਖਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹਨ.
I am 100% sure that the Guru wrote any of these verses.
NO, not a single sentence of (so called) dasamgranth

is by Guru Gobind Singh Ji.

08/12/2017 at 6:30am

**ਤਕਦੀਰ ਸਿੰਘ**

ਤੇ ਜੋ ਤੂੰ COMMENT ਵਿੱਚ ਜਿਕਰ ਕੀਤਾ ਹੈ ਕਿ ਜੈਲ ਨੇ ਭਿੰਡਰਾਂਵਾਲੇ ਨੂੰ ਰਿਹਾ ਕਰਾਇਆ ਸੀ ਤੇ ਕਰਾਇਆ ਕਿਉਂ ਸੀ ਇਹ ਵੀ ਲਿਖਿਆ ਹੋਇਆ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਨੂੰ ਕਾਂਗਰਸ ਦਾ ਵਫਾਦਾਰ ਰੱਖਣ ਲਈ ਰਿਹਾ ਕੀਤਾ ਸੀ

07/28/2017 at 6:20pm

**Gurindar Singh Paul**

ਸ: ਮੱਖਣ ਸਿੰਘ ਜੀ,
ਕੁਝ ਦਿਨਾਂ ਤੋਂ ਆਪ ਅਤੇ ਸ: ਤਕਦੀਰ ਸਿੰਘ ਵਿਚਾਲੇ ਚਲ ਰਹੀ ਬਹਿਸ "ਸਿੱਖ ਮਾਰਗ" ਦੇ ਮਿਆਰ ਦੀ ਨਹੀਂ। ਕ੍ਰਿਪਾ ਕਰਕੇ ਇਸ ਨੀਵੇਂ ਪੱਧਰ ਦੀ ਅਸੱਭਿਅ ਬਹਿਸ ਨੂੰ ਬੰਦ ਕਰ ਦਿੱਤਾ ਜਾਵੇ। ਮੈਂ ਸਿਰਫ਼ ਇਤਨਾ ਹੀ ਕਹਾਂਗਾ ਕਿ ਜਿਹੜਾ ਸੱਜਣ ਗੁਰੂ ਗ੍ਰੰਥ ਨੂੰ ਸੱਚ-ਮੁੱਚ ਗੁਰੂ ਮੰਨਦਾ ਹੈ, ਉਹ ਠੋਸ ਸੱਚ ਵੱਲੋਂ ਅੱਖਾਂ ਨਹੀਂ ਮੀਟ ਸਕਦਾ, ਉਹ ਕੁਰੱਖ਼ਤ ਤੇ ਬਦਜ਼ੁਬਾਨ ਵੀ ਨਹੀਂ ਹੋ ਸਕਦਾ ਤੇ ਨਾ ਹੀ ਉਹ ਦਹਿਸ਼ਤਗਰਦ ਹਿੰਸਕ ਸਾਧੜਿਆਂ ਦਾ ਪੱਖ ਪੂਰ ਸੱਕਦਾ ਹੈ!!

07/28/2017 at 6:51am 1 Like

**Gurmit Singh**

Will someone share as to why Sant Jarnail Singh Bhindranwale left behind his Mehta Chowk Headquarter
on 20th July 1982 and entered Darbar Sahib Complex? Refer to Entry in The Encyclopaedia of Sikhism,
Volume II, Edition 1996 at pages 352-354 published by Punjabi University, Patiala.
Thanks

08/02/2017 at 3:30am 1 Like

**Gurindar Singh Paul** In reply to Gurmit Singh

ਇਹ ਇਕ ਅੰਤਰਰਾਸ਼ਟਰੀ ਕਾਨੂੰਨ ਹੈ ਕਿ ਕਿਸੇ ਵੀ ਜੰਗ ਦੌਰਾਨ ਵਿੱਦਿਅਕ ਸੰਸਥਵਾਂ, ਹਸਪਤਾਲ ਤੇ ਧਰਮਸਥਾਨਾਂ ਉੱਤੇ ਕਿਸੇ ਕਿਸਮ ਦਾ ਹਮਲਾ ਨਹੀਂ ਕੀਤਾ ਜਾਣਾ ਚਾਹੀਦਾ। ਇਸ ਕਾਨੂੰਨ ਦੀ ਆੜ ਹੇਠ ਕਾਨੂੰਨ ਤੋਂ ਭਗੌੜੇ ਖ਼ੂਨਖ਼ਵਾਰ ਮੁਜਰਿਮ ਤੇ ਦਹਿਸ਼ਤਗਰਦ ਆਤੰਕਵਾਦੀ ਆਦਿ ਆਪਣੀ ਖ਼ੁਦ ਦੀ ਜਾਣ ਬਚਾਉਣ ਲਈ ਇਨ੍ਹਾਂ ਸਥਾਨਾਂ ਅੰਦਰ ਪਨਾਹ ਲੈਂਦੇ ਹਨ। ਇਹ ਇਕ ਕੋਰਾ ਸੱਚ ਹੈ ਕਿ ਭਿੰਡਰਾਂਵਾਲਾ ਤੇ ਉਸ ਦੇ ਸਾਥੀਆਂ ਨੇ ਵੀ ਇਸੇ ਕਾਨੂੰਨ ਦੀ ਆੜ ਹੇਠ ਚੌਂਕ ਮਹਿਤਾ ਤੋਂ ਭੱਜ ਕੇ ਦਰਬਾਰ ਸਾਹਿਬ ਭਵਨ-ਸਮੂਹ, ਅਕਾਲ ਤਖ਼ਤ ਤੇ ਕਈ ਹੋਰ ਗੁਰੂਦਵਾਰਿਆਂ ਵਿੱਚ ਪਨਾਹ ਲਈ ਸੀ। ਪਨਾਹ ਗਾਹ ਵਿੱਚ ਮਰਨ ਵਾਲਿਆਂ ਨੂੰ ਸ਼ਹੀਦ ਨਹੀਂ ਕਿਹਾ ਜਾ ਸਕਦਾ! ਮੈਦਾਨ ਏ ਜੰਗ ਵਿੱਚ ਲੜ ਮਰਨ ਵਾਲਿਆਂ ਨੂੰ ਹੀ ਸ਼ਹੀਦ ਕਿਹਾ ਜਾਂਦਾ ਹੈ। ਇਹ ਇਕ ਕੋਰਾ ਝੂਠ ਹੈ ਕਿ ਭਿੰਡਰਾਂਵਾਲਾ ਤੇ ਉਸ ਦੇ ਸਾਥੀ ਅਕਾਲ ਤਖ਼ਤ ਦੀ ਰੱਖਿਆ ਕਰਦੇ ਸ਼ਹੀਦ ਹੋਏ ਸਨ। ਕੀ ਬਾਕੀ ਦੇ ਚਾਲੀ ਦੇ ਕਰੀਬ ਗੁਰੂਦਵਾਰਿਆਂ ਵਿੱਚੋਂ ਫੜੇ ਗਏ ਜਾਂ ਮਾਰੇ ਗਏ ਆਤੰਕੀ ਵੀ ਉਨ੍ਹਾਂ ਗੁਰੂਦਵਾਰਿਆਂ ਦੀ ਰੱਖਿਆ ਕਰ ਰਹੇ ਸਨ??

08/02/2017 at 3:19pm

**Dr Harjinder Singh Dilgeer**

I fully agree with what S Makhan Singh Purewal has said.

08/12/2017 at 6:34am

**ਹਰਜੀਤ ਸਿੰਘ**

ਬਹੁਤ ਹੀ ਸੱਚੀ ਗੱਲ ਲਿਖੀ ਹੈ ।
ਸਿੱਖ ਕੌਮ ਨੂੰ ਸੋਚਣਾ ਚਾਹੀਦਾ ਹੈ ਕਿ ਭਿੰਡਰਾਂ ਵਾਲਾ ਭੀ ਦੋਸ਼ੀ ਸੀ ।

07/09/2019 at 6:33am

HashOver Comments – RSS Feed · Source Code · JavaScript

ਮੁੜ ਲਿਖਣ ਲਈ ਪਤਾ
ਘਰ